# ਸਵਾਗਤ ਜ਼ਿੰਦਗੀ

ਦੂਜੀ ਸ਼੍ਰੇਣੀ ਲਈ

Z6A8S1

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2020-21...............2,06,787 ਕਾਪੀਆਂ
ਦੂਜਾ ਐਡੀਸ਼ਨ 2021-22.................1,66,000 ਕਾਪੀਆਂ
ਤੀਸਰਾ ਐਡੀਸ਼ਨ 2022-23............. 1,95,500 ਕਾਪੀਆਂ

All rights, including those of translation, reproduction
and annotation etc., are reserved by
the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਬ੍ਰਾਈਟ ਪ੍ਰਿੰਟਰਜ਼, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਕੌਮੀ ਪਾਠਕ੍ਰਮ ਖ਼ਾਕਾ (ਐੱਨ. ਸੀ. ਐੱਫ਼.)-2005 ਅਤੇ ਪੰਜਾਬ ਪਾਠਕ੍ਰਮ ਖ਼ਾਕਾ (ਪੀ. ਸੀ. ਐੱਫ਼.)-2013 ਸਕੂਲੀ ਵਿਦਿਆਰਥੀਆਂ ਤੋਂ ਪਾਠਕ੍ਰਮ ਦਾ ਬੋਝ ਘਟਾਉਣ ਦੇ ਹਾਮੀ ਹਨ। ਦੋਵੇਂ ਅਹਿਮ ਦਸਤਾਵੇਜ਼ ਇਸ ਪੱਖ ਨੂੰ ਤਰਜੀਹ ਦਿੰਦੇ ਹਨ ਕਿ ਵਿਦਿਆਰਥੀ ਸਿਰਫ਼ ਜਮਾਤ ਦੇ ਕਮਰੇ ਵਿੱਚ ਪੜ੍ਹਨ ਦੀ ਰਵਾਇਤੀ ਵਿਧੀ ਤੋਂ ਜ਼ਰਾ ਹਟ ਕੇ ਬਾਹਰੀ ਸਿੱਖਿਆ ਅਤੇ ਜਾਣਕਾਰੀ ਦੇ ਜਗਤ ਨਾਲ਼ ਵੀ ਜੁੜੇ। ਇਸ ਤਰ੍ਹਾਂ ਉਹ ਮਹਿਜ਼ ਕਿਤਾਬੀ ਇਲਮ ਤੱਕ ਸੀਮਤ ਨਹੀਂ ਰਹੇਗਾ, ਸਗੋਂ ਉਸ ਦੇ ਸਰਵਪੱਖੀ ਵਿਕਾਸ ਦਾ ਮੌਕਾ ਵੀ ਬਣ ਸਕੇਗਾ।

ਸ੍ਰੀ ਕ੍ਰਿਸ਼ਨ ਕੁਮਾਰ ਆਈ. ਏ. ਐੱਸ., ਸਾਬਕਾ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ ਦੀ ਅਗਵਾਈ ਹੇਠ ਸਕੂਲ ਸਿੱਖਿਆ ਦੇ ਸਾਰੇ ਹੀ ਪ੍ਰਬੰਧਾਂ ਵਿੱਚ ਨਵੀਂ ਅਗਾਂਹਵਧੂ ਬਿਰਤੀ ਦੀ ਰੂਹ ਫੂਕੀ ਗਈ ਹੈ, ਜਿਸ ਦੇ ਪਿਛੋਕੜ ਵਿੱਚ ਇਹ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਵਿੱਚ ਸਭ ਤੋਂ ਵੱਡਾ ਅਤੇ ਅਹਿਮ ਰੋਲ ਉਸ ਦੇ ਨੈਤਿਕ ਵਿਕਾਸ ਦਾ ਹੋ ਸਕਦਾ ਹੈ। ਵਿਸ਼ਵ ਭਰ ਦੇ ਅਜੋਕੇ ਪਦਾਰਥਕ ਅਤੇ ਆਰਥਿਕ ਦੌਰ ਵਿੱਚ ਸਾਡੇ ਵਿਦਿਆਰਥੀ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਚੰਗਾ ਮੁਕਾਬਲੇਬਾਜ਼ ਤਾਂ ਬਣਾ ਰਹੀ ਹੈ, ਪਰ ਉਸ ਵਿੱਚ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਸ਼ਾਮਿਲ ਕਰਨ ਨਾਲ਼ ਹੀ ਉਸ ਦੇ ਅਸਲੋਂ ਸੱਭਿਅਕ ਹੋਣ ਦਾ ਦਾਅਵਾ ਕੀਤਾ ਜਾ ਸਕਦਾ ਹੈ। ਇਸੇ ਲੋੜ ਨੂੰ ਮੁੱਖ ਰੱਖਦੇ ਹੋਏ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਹਿਯੋਗ ਨਾਲ਼ ਅਕਾਦਮਿਕ ਸੈਸ਼ਨ 2020-21 ਤੋਂ ਪੰਜਾਬ ਦੇ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਸਾਰੇ ਸਕੂਲੀ ਵਿਦਿਆਰਥੀਆਂ ਲਈ ਮਨੁੱਖੀ ਕਦਰਾਂ-ਕੀਮਤਾਂ ਸਬੰਧੀ ਮਿਆਰੀ ਪਾਠਕ੍ਰਮ ਲਾਗੂ ਕੀਤਾ ਗਿਆ ਹੈ, ਜੋ ਪ੍ਰਯੋਗੀ ਅਤੇ ਮਨੁੱਖੀ ਵਿਹਾਰ-ਕੇਂਦਰਤ ਹੈ। ਇਸ ਦਾ ਉਦੇਸ਼ ਵਿਦਿਆਰਥੀ ਨੂੰ ਸੁਭਾਵਿਕ ਹੀ ਆਪਣੇ ਉੱਚ ਇਖ਼ਲਾਕ ਦੇ ਸਹਾਰੇ ਸਮਾਜ ਦਾ ਮਾਣਮੱਤਾ ਧੁਰਾ ਬਣ ਸਕਣ ਦੀ ਸੋਝੀ ਪ੍ਰਦਾਨ ਕਰਨਾ ਹੈ।

ਇਸ ਅਕਾਦਮਿਕ ਸਾਲ ਤੋਂ ਲਾਗੂ ਕੀਤੇ ਗਏ ਨਵੇਂ ਵਿਸ਼ੇ **'ਸਵਾਗਤ ਜ਼ਿੰਦਗੀ'** ਦੀ ਹੱਥਲੀ ਪਾਠ-ਪੁਸਤਕ ਇਸ ਦੇ ਲੇਖਕਾਂ ਦੀ ਸਖ਼ਤ ਮਿਹਨਤ ਅਤੇ ਸੁਹਿਰਦ ਯਤਨਾਂ ਦਾ ਸਿੱਟਾ ਹੈ, ਜਿਹਨਾਂ ਨੇ ਭਰਪੂਰ ਕੋਸ਼ਿਸ਼ ਕੀਤੀ ਹੈ ਕਿ ਇਹ ਵਿਸ਼ਾ ਵਿਦਿਆਰਥੀ ਦੇ ਬਹੁ-ਮੁਖੀ ਅਤੇ ਸ਼ਖ਼ਸੀ ਵਿਕਾਸ ਲਈ ਆਪਣਾ ਯੋਗਦਾਨ ਪਾ ਸਕੇ। ਯਕੀਨਨ ਹੀ ਇਹ ਪੁਸਤਕ ਨਵੇਂ ਵਿਸ਼ੇ ਰਾਹੀਂ ਵਿਦਿਆਰਥੀ ਨੂੰ ਉੱਚ ਮੁਕਾਬਲੇ ਦੇ ਇਸ ਯੁੱਗ ਦਾ ਹਾਣੀ ਅਤੇ ਸ਼ਾਨਦਾਰ ਸੱਭਿਅਕ ਮਨੁੱਖ ਬਣਾਉਣ ਵਿੱਚ ਸਹਾਈ ਸਿੱਧ ਹੋਵੇਗੀ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪਾਠ-ਪੁਸਤਕ ਤੇ ਪਾਠਕ੍ਰਮ ਵਿੱਚ ਭਵਿੱਖਤ ਸੁਧਾਰ ਲਈ ਹਰ ਤਰ੍ਹਾਂ ਦੇ ਸੁਝਾਅ ਲਈ ਰਿਣੀ ਰਹੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਮੁੱਖ ਬੰਦ

ਆਧੁਨਿਕ ਸਿੱਖਿਆ ਦਾ ਉਦੇਸ਼ ਮਹਿਜ਼ ਕਿਤਾਬੀ ਗਿਆਨ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀ ਨੂੰ ਵਧੀਆ ਜੀਵਨ ਜਿਉਣ ਦੇ ਕੌਸ਼ਲ ਸਿਖਾ ਕੇ ਉਸ ਦੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਨਾ ਵੀ ਹੈ। ਇੱਕ ਸਿੱਖਿਅਤ ਵਿਦਿਆਰਥੀ ਉੱਤਮ ਜੀਵਨ ਜਾਚ ਵੀ ਜਾਣਦਾ ਹੋਵੇ, ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਆਪਣੇ ਸਕੂਲੀ ਪਾਠਕ੍ਰਮ ਵਿੱਚ ਸਾਲ 2020-21 ਤੋਂ **'ਸਵਾਗਤ ਜ਼ਿੰਦਗੀ'** ਦਾ ਨਵਾਂ ਵਿਸ਼ਾ ਸ਼ੁਰੂ ਕਰਨ ਦਾ ਨਿਰਣਾ ਕੀਤਾ ਹੈ।

ਇਸ ਪਾਠਕ੍ਰਮ ਦੀ ਮੁੱਢਲੀ ਵਿਉਂਤਬੰਦੀ ਅਤੇ ਇਸ ਨੂੰ ਪੁਸਤਕ ਰੂਪ ਵਿੱਚ ਪੇਸ਼ ਕਰਨ ਲਈ ਪ੍ਰਾਇਮਰੀ ਪੱਧਰ 'ਤੇ ਬਹੁਤ ਹੀ ਸੁਲਝੇ ਹੋਏ ਅਤੇ ਆਪਣੇ ਵਿਸ਼ੇ ਦੇ ਮਾਹਿਰ ਅਧਿਆਪਕਾਂ ਦੀ ਟੀਮ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਸੀ। ਉਹਨਾਂ ਦੁਆਰਾ ਬਹੁਤ ਹੀ ਮਿਹਨਤ, ਗੰਭੀਰਤਾ ਅਤੇ ਮੌਲਿਕਤਾ ਨਾਲ਼ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਗਿਆ। ਇਸ ਪੁਸਤਕ ਵਿਚਲੇ ਵਿਸ਼ਾ-ਵਸਤੂ ਨੂੰ ਤਿਆਰ ਕਰਦਿਆਂ ਬੱਚਿਆਂ ਦੇ ਬੌਧਿਕ ਪੱਧਰ ਅਤੇ ਮਨੋ-ਵਿਗਿਆਨਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਸਮੁੱਚੀ ਪੁਸਤਕ ਸਚਿੱਤਰ ਅਤੇ ਗਤੀਵਿਧੀ ਅਧਾਰਿਤ ਹੈ। ਬੱਚੇ ਇਸ ਪੁਸਤਕ ਵਿੱਚੋਂ ਰਵਾਇਤੀ ਕਿਤਾਬ ਦੀ ਤਰ੍ਹਾਂ ਨਹੀਂ, ਸਗੋਂ ਕਿਰਿਆਵਾਂ ਕਰਦੇ ਹੋਏ ਆਪ ਸਿੱਖਣਗੇ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪੁਸਤਕ ਦੀ ਰਚਨਾ ਕਮੇਟੀ ਦਾ ਤਹਿ-ਦਿਲੋਂ ਧੰਨਵਾਦੀ ਹੈ, ਜਿਹਨਾਂ ਨੇ ਆਪਣੇ ਬਹੁਮੁੱਲੇ ਤਜ਼ਰਬਿਆਂ ਨੂੰ ਪੁਸਤਕ ਰੂਪ ਵਿੱਚ ਸੰਜੋਅ ਕੇ ਵਿਦਿਆਰਥੀਆਂ ਲਈ ਇੱਕ ਅਨਮੋਲ ਤੋਹਫ਼ਾ ਤਿਆਰ ਕੀਤਾ ਹੈ।

**ਡਾ. ਦਵਿੰਦਰ ਸਿੰਘ ਬੋਹਾ**
**ਸਟੇਟ ਕੋਆਰਡੀਨੇਟਰ**
ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

# ਪਾਠ-ਪੁਸਤਕ ਰਚਨਾ ਕਮੇਟੀ

**ਵਿਸ਼ਾ-ਮੂਲਕ ਅਗਵਾਈ:**

- ਡਾ. ਦਵਿੰਦਰ ਸਿੰਘ ਬੋਹਾ, ਸਟੇਟ ਕੋਆਰਡੀਨੇਟਰ , ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

**ਲੇਖਣ ਅਤੇ ਪਰੂਫ਼ ਰੀਡਿੰਗ:**

- ਡਾ. ਪੁਸ਼ਵਿੰਦਰ ਕੌਰ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਮਲਟੀਪਰਪਜ਼ , ਪਟਿਆਲਾ
- ਡਾ. ਚਰਨ ਪੁਸ਼ਪਿੰਦਰ ਸਿੰਘ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਬਸੀ ਕਲਾਂ, ਹੁਸ਼ਿਆਰਪੁਰ
- ਮਦਨ ਵੀਰਾ, ਪੰਜਾਬੀ ਮਾਸਟਰ, ਸ.ਸ.ਸ.ਸ. ਚੋਹਾਲ, ਹੁਸ਼ਿਆਰਪੁਰ
- ਸਤਪਾਲ ਭੀਖੀ, ਈ.ਟੀ.ਟੀ., ਸ.ਪ੍ਰ.ਸ. ਅਸਰਪੁਰ, ਬਲਾਕ ਭੁੱਨਰਹੇੜੀ-2, ਪਟਿਆਲਾ
- ਮਨਜੀਤ ਪੁਰੀ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਖੋਖਰ, ਸ੍ਰੀ ਮੁਕਤਸਰ ਸਾਹਿਬ
- ਡਾ. ਸ਼ਮਸ਼ੇਰ ਮੋਹੀ, ਪੰਜਾਬੀ ਮਾਸਟਰ, ਸ.ਸ.ਸ.ਸ. ਭੂੰਗਾ, ਹੁਸ਼ਿਆਰਪੁਰ
- ਗੁਰਪ੍ਰੀਤ, ਪੰਜਾਬੀ ਮਾਸਟਰ, ਸ.ਸ.ਸ.ਸ. ਮਾਨਸਾ (ਮੁੰਡੇ), ਮਾਨਸਾ
- ਪਰਗਟ ਸਿੰਘ ਸਤੌਜ, ਡੀ.ਪੀ.ਈ., ਸ.ਹ.ਸ. ਉਗਰਾਹਾਂ, ਸੰਗਰੂਰ
- ਤਰਸੇਮ, ਹਿੰਦੀ ਮਾਸਟਰ, ਸ.ਸ.ਸ.ਸ. ਖੁੱਡੀ ਕਲਾਂ, ਬਰਨਾਲਾ
- ਅਵਤਾਰ ਸਿੰਘ, ਪੰਜਾਬੀ ਮਾਸਟਰ, ਸ.ਮਿ.ਸ. ਦੇਧਨਾ, ਪਟਿਆਲਾ
- ਨੀਲਮ ਕੁਮਾਰੀ, ਸਾਇੰਸ ਮਿਸਟ੍ਰੈੱਸ, ਸ.ਹ.ਸ. ਬ੍ਰਾਹਮਣ ਮਾਜਰਾ, ਫ਼ਤਿਹਗੜ੍ਹ ਸਾਹਿਬ
- ਡਾ. ਲਖਵਿੰਦਰ ਕੌਰ, ਪੰਜਾਬੀ ਮਿਸਟ੍ਰੈੱਸ, ਸ.ਮਿ.ਸ. ਘੁਟੀਂਡ, ਫ਼ਤਿਹਗੜ੍ਹ ਸਾਹਿਬ
- ਸੁਖਵਿੰਦਰ ਕੌਰ, ਪੰਜਾਬੀ ਮਿਸਟ੍ਰੈੱਸ, ਸ.ਹ.ਸ. ਫ਼ਤਿਹਪੁਰ ਰਾਜਪੂਤਾਂ, ਪਟਿਆਲਾ

**ਚਿੱਤਰ, ਗ੍ਰਾਫਿਕਸ ਅਤੇ ਕਵਰ ਚਿੱਤਰ:**

- ਅਮਨਜੋਤ ਕੌਰ (ਅ/ਕ ਟੀਚਰ) ਸਰਕਾਰੀ ਮਿਡਲ ਸਕੂਲ, ਭੇਡਪੁਰਾ, ਜ਼ਿਲ੍ਹਾ ਪਟਿਆਲਾ।

**ਰੀਵਿਊਕਾਰ ਕਮੇਟੀ:**

- ਡਾ. ਰੂਬੀ ਗੁਪਤਾ, ਕਾਊਂਸਲਰ, ਸਟੂਡੈਂਟ ਕਾਊਂਸਲਿੰਗ ਸੈਂਟਰ, ਆਫਿਸ ਆਫ਼ ਡੀਨ, ਸਟੂਡੈਂਟਸ ਵੈਲਫੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਡਾ. ਕੁਲਜੀਤ ਕੌਰ ਐਸੋਸੀਏਟ ਪ੍ਰੋਫੈਸਰ ਇਨ ਐਜੂਕੇਸ਼ਨ, ਯੂ. ਐਸ. ਓ. ਐਲ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
- ਡਾ. ਪਰਮਜੀਤ ਸਿੰਘ ਕਲਸੀ, ਜ਼ਿਲ੍ਹਾ ਭਾਸ਼ਾ ਅਫਸਰ, ਗੁਰਦਾਸਪੁਰ।
- ਡਾ. ਪੁਸ਼ਵਿੰਦਰ ਕੌਰ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਮਲਟੀਪਰਪਜ਼, ਪਟਿਆਲਾ।

**ਵਿਸ਼ਾ ਕੋਆਰਡੀਨੇਟਰ:**

- ਪ੍ਰੀਤੀ ਪੁਰੀ, ਪ੍ਰੋਜੈਕਟ ਅਫ਼ਸਰ, ਪੰਜਾਬ ਸਕੂਲ ਸਿੱਖਿਆ ਬੋਰਡ।

# ਪਾਠਕ੍ਰਮ


| ਲੜੀ ਨੰ. | ਅਧਿਆਇ ਦਾ ਨਾਂ | ਪੰਨਾ ਨੰ. |
|---|---|---|
| 1. | ਸਿਹਤ ਅਤੇ ਸਫ਼ਾਈ | 1-10 |
| | (ੳ) ਸਰੀਰ ਅਤੇ ਹੱਥਾਂ ਦੀ ਸਫ਼ਾਈ | |
| | (ਅ) ਘਰ ਦੀ ਸਫ਼ਾਈ | |
| | (ੲ) ਜਮਾਤ ਅਤੇ ਸਕੂਲ ਦੀ ਸਫ਼ਾਈ | |
| | (ਸ) ਪਖ਼ਾਨੇ ਦੀ ਸਫ਼ਾਈ | |
| 2. | ਸਮੇਂ ਦੀ ਕਦਰ | 11-14 |
| | (ੳ) ਸਮੇਂ ਦੀ ਸਹੀ ਵਰਤੋਂ | |
| | (ਅ) ਸਮਾਂ ਮੇਰਾ ਆੜੀ | |
| | (ੲ) ਗੱਲਾਂ ਅਤੇ ਜਵਾਬ | |
| | (ਸ) ਸਮੇਂ ਦੀ ਪਾਬੰਦੀ | |
| | (ਹ) ਬੁੱਝੋ ਮੇਰੀ ਬਾਤ | |
| 3. | ਮਾਫ਼ੀ ਅਤੇ ਧੰਨਵਾਦ | 15-18 |
| | (ੳ) ਗ਼ਲਤੀਆਂ ਲਈ ਮਾਫ਼ੀ | |
| | (ਅ) ਕਦੋਂ ਮਾਫ਼ੀ ? ਕਦੋਂ ਧੰਨਵਾਦ ? | |
| 4. | ਘਰ, ਸਕੂਲ ਅਤੇ ਮੇਰਾ ਪਿੰਡ | 19-23 |
| | (ੳ) ਘਰ ਅਤੇ ਸਕੂਲ ਨਾਲ਼ ਪਿਆਰ | |
| | (ਅ) ਪਿੰਡ ਨਾਲ਼ ਪਿਆਰ | |
| 5. | ਸਾਡੇ ਘਰ | 24-26 |
| | (ੳ) ਆਓ ਸਾਡੇ ਘਰ ਦੇਖੀਏ | |
| | (ਅ) ਮਿਲਾਨ ਕਰੀਏ | |
| | (ੲ) ਅਸੀਂ ਹਾਂ ਸਾਰੇ ਆੜੀ | |
| 6. | ਸੋਹਣੀ ਭਾਸ਼ਾ ਬੋਲੀਏ | 27-31 |
| | (ੳ) ਮਿੱਠੇ ਬੋਲ, ਕੌੜੇ ਬੋਲ | |
| | (ਅ) ਬੋਲਚਾਲ ਦਾ ਫ਼ਰਕ | |
| | (ੲ) ਸਿਆਣੀਆਂ ਗੱਲਾਂ | |
| | (ਸ) ਪ੍ਰਣ | |
| 7. | ਆਓ ਮਿਲ਼ ਕੇ ਰਹੀਏ | 32-35 |
| | (ੳ) ਪਰਿਵਾਰ ਵਿੱਚ ਮਿਲ਼ ਕੇ ਕੰਮ ਕਿਵੇਂ ਹੁੰਦੇ ਹਨ ? | |
| | (ਅ) ਸਕੂਲ ਵਿੱਚ ਮਿਲ਼ ਕੇ ਰਹਿਣਾ | |
| | (ੲ) ਅਸੀਂ ਸਭ ਇੱਕ ਹਾਂ | |
| 8. | ਸੜਕ ਸੁਰੱਖਿਆ | 36-39 |
| | (ੳ) ਤਿੰਨ ਬੱਤੀਆਂ | |
| | (ਅ) ਵਾਰਤਾਲਾਪ | |
| | (ੲ) ਮਿਲਾਨ ਕਰੀਏ | |
| 9. | ਉਸਾਰੂ ਸੋਚ | 40-42 |
| | (ੳ) ਧਿਆਨ ਨਾਲ਼ ਸੁਣਨਾ/ਪੜ੍ਹਨਾ | |

ਪਾਠ 1

# ਸਿਹਤ ਅਤੇ ਸਫ਼ਾਈ

## (ੳ) ਸਰੀਰ ਅਤੇ ਹੱਥਾਂ ਦੀ ਸਫ਼ਾਈ



ਅੱਕੜ-ਬੱਕੜ ਭੰਬੇ ਭੌ।
ਆਪਣੇ ਗੰਦੇ ਹੱਥ ਧੋ।

ਕਿੱਕਲੀ ਕਲੀਰ ਦੀ।
ਸਫ਼ਾਈ ਰੱਖੋ ਸਰੀਰ ਦੀ।

ਭੰਡਾ-ਭੰਡਾਰੀਆ ਕਿੰਨਾ ਕੁ ਭਾਰ।
ਆਲ਼ਾ-ਦੁਆਲ਼ਾ ਆਪਣਾ ਸੰਵਾਰ।

ਓਟਨਾ-ਗਲੋਟਨਾ।
ਕਰ ਲੈ ਸਫ਼ਾਈ ਸੋਚ ਨਾ।




ਕਿਰਨ ਨੂੰ ਵੀ ਪਸੀਨੇ ਕਾਰਨ ਬਹੁਤ ਖੁਰਕ ਹੋ ਰਹੀ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਕਿਰਨ ਨੂੰ ਕੀ ਕਰਨਾ ਚਾਹੀਦਾ ਹੈ ?

## ਸਰੀਰ ਦੀ ਸਫ਼ਾਈ ਕਿਵੇਂ ਕਰੀਏ ?





ਸਰੀਰ ਦੀ ਸਫ਼ਾਈ ਲਈ ਸਾਨੂੰ ਆਪਣੇ ਹੱਥ, ਪੈਰ, ਨੱਕ, ਕੰਨ, ਅੱਖਾਂ, ਵਾਲ਼, ਦੰਦ ਸਭ ਕੁੱਝ ਸਾਫ਼ ਕਰਨਾ ਚਾਹੀਦਾ ਹੈ।

### ਹੱਥਾਂ ਦੀ ਸਫ਼ਾਈ

**ਕਿਰਿਆ 1.1** ਸਾਰੇ ਬੱਚਿਆਂ ਨੂੰ ਹੱਥ ਧੋਣ ਦਾ ਅਭਿਆਸ ਕਰਵਾਉਣਾ।

ਹਰ ਬੱਚੇ ਦੇ ਹੱਥ 'ਤੇ ਤੇਲ ਦੀ ਇੱਕ ਬੂੰਦ ਪਾਓ ਅਤੇ ਹਥੇਲੀ 'ਤੇ ਮਲਣ ਲਈ ਕਹੋ। ਫਿਰ ਬੱਚਿਆਂ ਨੂੰ ਆਪਣੇ ਹੱਥ ਧੋਣ ਲਈ ਕਹੋ। ਪਹਿਲਾਂ ਸਿਰਫ਼ ਪਾਣੀ ਨਾਲ਼ ਅਤੇ ਫਿਰ ਸਾਬਣ ਨਾਲ਼। ਮਹਿਸੂਸ ਕੀਤੇ ਅੰਤਰ ਬੱਚਿਆਂ ਨਾਲ਼ ਬਾਰੇ ਚਰਚਾ ਕਰੋ ਅਤੇ ਇਹ ਸਮਝਣ ਵਿੱਚ ਮਦਦ ਕਰੋ ਕਿ ਹੱਥ ਸਾਬਣ ਨਾਲ਼ ਧੋਣ 'ਤੇ ਹੀ ਚੰਗੀ ਤਰ੍ਹਾਂ ਸਾਫ਼ ਹੁੰਦੇ ਹਨ।

## ਹੱਥ ਸਾਬਣ ਨਾਲ਼ ਧੋਣੇ ਜ਼ਰੂਰੀ ਹਨ।



### ਮੌਖਿਕ ਪ੍ਰਸ਼ਨ

1. ਨਹੁੰ ਕਿਸ ਚੀਜ਼ ਨਾਲ਼ ਕੱਟਣੇ ਚਾਹੀਦੇ ਹਨ ?
   (ੳ) ਚਾਕੂ ਨਾਲ਼ (ਅ) ਬਲੇਡ ਨਾਲ਼
   (ੲ) ਨੇਲ ਕਟਰ ਨਾਲ਼ (ਸ) ਕੈਂਚੀ ਨਾਲ਼
2. ਹੱਥ ਕਿਸ ਚੀਜ਼ ਨਾਲ਼ ਧੋਣੇ ਚਾਹੀਦੇ ਹਨ ?
   (ੳ) ਮਿੱਟੀ (ਅ) ਪਾਣੀ
   (ੲ) ਸ਼ੈਂਪੂ (ਸ) ਸਾਬਣ ਅਤੇ ਪਾਣੀ
3. ਸਰੀਰ ਦੀ ਸਫ਼ਾਈ ਲਈ ਕੀ ਜ਼ਰੂਰੀ ਨਹੀਂ ?
   (ੳ) ਨਹਾਉਣਾ (ਅ) ਵਾਲ਼ ਧੋਣਾ
   (ੲ) ਸੈਂਟ ਲਗਾਉਣਾ (ਸ) ਸਾਫ਼ ਕੱਪੜੇ ਪਾਉਣਾ

## (ਅ) ਘਰ ਦੀ ਸਫ਼ਾਈ



ਘਰ ਦੀ ਸਫ਼ਾਈ ਕਿਉਂ ?

- ਮਨ ਦੀ ਖ਼ੁਸ਼ੀ ਲਈ
- ਚੰਗੀ ਸਿਹਤ ਲਈ



ਸਭ ਖ਼ੁਸ਼
ਕੋਈ ਬਿਮਾਰੀ ਨਹੀਂ

## ਗੰਦਾ ਘਰ

ਗੰਦੇ ਘਰ ਵਿੱਚ, ਧੂੜ, ਮਿੱਟੀ, ਬਿੱਠਾਂ, ਮੀਂਗਣਾ, ਕਾਕਰੋਚ, ਚੂਹੇ, ਮੱਕੜੀਆਂ, ਕੀੜੀਆਂ ਆਦਿ ਜਮ੍ਹਾਂ ਹੋ ਜਾਂਦੇ ਹਨ ਜੋ ਕਿ ਬਹੁਤ ਸਾਰੀਆਂ ਬਿਮਾਰੀਆਂ ਫ਼ੈਲਾਉਂਦੇ ਹਨ।



## ਘਰ ਸਾਫ਼ ਕਰਨ ਲਈ ਕੀ-ਕੀ ਚਾਹੀਦਾ ਹੈ ?



## ਘਰ ਨੂੰ ਸਾਫ਼ ਕਿਵੇਂ ਰੱਖੀਏ ?

| | |
|---|---|
| ਆਪਣੀ ਵਰਦੀ, ਜੁੱਤੀਆਂ, ਖਿਡੌਣੇ ਆਦਿ ਸਹੀ ਥਾਂ 'ਤੇ ਰੱਖਣਾ। | ਦਰਵਾਜ਼ੇ ਖੁੱਲ੍ਹੇ ਨਾ ਛੱਡਣਾ, ਬਰਤਨਾਂ ਵਿੱਚ ਭੋਜਨ ਜੂਠਾ ਨਾ ਛੱਡਣਾ। |
| ਪਾਏਦਾਨ ਦੀ ਵਰਤੋਂ ਕਰਨਾ। | ਫਰਸ਼ 'ਤੇ ਪਾਣੀ ਨਾ ਡੋਲ੍ਹਣਾ। |
| ਖਾਣ ਦੀਆਂ ਚੀਜ਼ਾਂ ਢਕ ਕੇ ਰੱਖਣਾ। | ਪਖ਼ਾਨੇ ਦੀ ਸਫ਼ਾਈ ਰੱਖਣਾ। |
| ਕੂੜਾ ਢੱਕਣ ਵਾਲ਼ੇ ਕੂੜੇਦਾਨ ਵਿੱਚ ਪਾਉਣਾ। | ਸਫ਼ਾਈ ਕਰਨ ਵਿੱਚ ਆਪਣੇ ਮੰਮੀ-ਪਾਪਾ ਦੀ ਮਦਦ ਕਰਨਾ। |

ਹੇਠ ਦਿੱਤੀਆਂ ਗਈਆਂ ਤਸਵੀਰਾਂ ਨੂੰ ਸਫ਼ਾਈ ਦੇ ਸਹੀ ਕ੍ਰਮ ਅਨੁਸਾਰ ਕਰੋ :









## ਮੌਖਿਕ ਪ੍ਰਸ਼ਨ

1. ਮੱਛਰ ਭਜਾਉਣ ਲਈ ਸਹੀ ਚੀਜ਼ ਦੀ ਚੋਣ ਕਰੋ ?
   (ੳ) ਝਾੜੂ (ਅ) ਫਰਨੈਲ
   (ੲ) ਮਾਸਕੀਟੋ ਕੁਆਇਲ (ਸ) ਪੋਚਾ
2. ਘਰ ਵਿੱਚ ਮੱਕੜੀਆਂ ਹੋਣ ਕਾਰਨ ਕੀ ਹੁੰਦਾ ਹੈ ?
   (ੳ) ਬਿੱਠਾਂ ਜਮ੍ਹਾਂ ਹੋ ਜਾਂਦੀਆਂ ਹਨ (ਅ) ਜਾਲ਼ੇ ਲੱਗ ਜਾਂਦੇ ਹਨ
   (ੲ) ਮੀਂਗਣਾਂ ਜਮ੍ਹਾਂ ਹੋ ਜਾਂਦੀਆਂ ਹਨ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

## ਮੈਨੂੰ ਸਮਝ ਆ ਗਿਆ ਹੈ

**ਸਾਫ਼-ਸੁਥਰਾ ਘਰ,**
**ਬਿਮਾਰੀ ਦਾ ਨਹੀਂ ਡਰ।**



## (ੲ) ਜਮਾਤ ਅਤੇ ਸਕੂਲ ਦੀ ਸਫ਼ਾਈ

**ਕਿਰਿਆ 1.2**

ਤਸਵੀਰ ਨੂੰ ਧਿਆਨ ਨਾਲ਼ ਦੇਖੋ ਅਤੇ ਉਹਨਾਂ ਚੀਜ਼ਾਂ 'ਤੇ ਗੋਲ਼ਾ ਲਗਾਓ ਜੋ ਸਹੀ ਥਾਂ 'ਤੇ ਨਹੀਂ ਪਈਆ ਹਨ।



### ਅਧਿਆਪਕ ਲਈ

ਅਧਿਆਪਕ ਜਮਾਤ ਦੇ ਕਮਰੇ ਦੀ ਸਾਫ਼-ਸਫ਼ਾਈ ਪ੍ਰਤੀ ਬੱਚਿਆਂ ਦੀ ਸਮਝ ਪਰਖਣ ਲਈ ਕੁਝ ਚੀਜ਼ਾਂ ਨੂੰ ਜਾਣ-ਬੁੱਝ ਕੇ ਬੇ-ਤਰਤੀਬੀ ਨਾਲ ਰੱਖ ਸਕਦਾ ਹੈ ਅਤੇ ਬੱਚਿਆਂ ਨੂੰ ਪੁੱਛ ਸਕਦਾ ਹੈ ਕਿ ਦੱਸੋ ਅੱਜ ਕਮਰੇ ਵਿੱਚ ਕੀ ਠੀਕ ਨਹੀਂ ਲੱਗ ਰਿਹਾ ? ਜਮਾਤ ਦੇ ਸਾਰੇ ਬੱਚਿਆਂ ਦੀ ਬਦਲਵੇਂ ਰੂਪ ਵਿੱਚ ਸਾਫ਼-ਸਫ਼ਾਈ ਸੰਬੰਧੀ ਜਿਵੇਂ : ਬੈਂਚਾਂ ਦੀ ਵਿਵਸਥਾ ਅਤੇ ਸਾਫ਼-ਸਫ਼ਾਈ, ਚਾਕ, ਡਸਟਰ, ਕੂੜੇਦਾਨ ਆਦਿ ਦੇ ਰੱਖ-ਰਖਾਓ ਲਈ ਜ਼ਿੰਮੇਵਾਰੀ ਲਗਾਉਣਾ।



ਮੈਂ ਨੋਟ ਕੀਤਾ

| | |
|---|---|
| | **ਜਮਾਤ ਦੇ ਕਮਰੇ ਦੀ ਸਫ਼ਾਈ** |
| • | ਚੀਜ਼ਾਂ ਸਹੀ ਢੰਗ ਨਾਲ਼ ਰੱਖਣਾ |
| • | ਬੈਂਚਾਂ ਉੱਤੇ ਨਹੀਂ ਲਿਖਣਾ |
| • | ਦੀਵਾਰਾਂ ਉੱਤੇ ਨਹੀਂ ਲਿਖਣਾ |
| • | ਕਾਗਜ਼ ਅਤੇ ਪੈਨਸਿਲ ਦੇ ਛਿਲਕੇ ਕੂੜੇਦਾਨ ਵਿੱਚ ਪਾਉਣਾ। |

# ਸਕੂਲ ਦੀ ਸਫ਼ਾਈ

## ਨੋਟਿਸ-ਬੋਰਡ

- ✓ ਜਮਾਤ ਦੇ ਕਮਰੇ ਵਿੱਚ ਕੂੜਾ-ਕਰਕਟ ਨਾ ਸੁੱਟੋ।
- ✓ ਸਕੂਲ ਦੇ ਟੇਬਲ ਅਤੇ ਕੁਰਸੀਆਂ ਨੂੰ ਨਾ ਤੋੜੋ।
- ✓ ਪਖ਼ਾਨੇ ਨੂੰ ਸਾਫ਼-ਸੁਥਰਾ ਰੱਖੋ।
- ✓ ਕਾਗ਼ਜ਼ ਅਤੇ ਚਾਕ ਇੱਧਰ-ਉੱਧਰ ਨਾ ਸੁੱਟੋ।
- ✓ ਫੁੱਲ ਅਤੇ ਪੱਤੇ ਨਾ ਤੋੜੋ।
- ✓ ਟੂਟੀਆਂ ਖੁੱਲ੍ਹੀਆਂ ਨਾ ਛੱਡੋ।

## ਮੌਖਿਕ ਪ੍ਰਸ਼ਨ

1. ਜਮਾਤ ਦੇ ਕਮਰੇ ਨੂੰ ਸਾਫ਼ ਰੱਖਣ ਦੀ ਜ਼ਿੰਮੇਵਾਰੀ ਕਿਸ ਦੀ ਹੈ ?
   (ੳ) ਅਧਿਆਪਕ ਦੀ (ਅ) ਬੱਚਿਆਂ ਦੀ
   (ੲ) ਅਧਿਆਪਕ ਅਤੇ ਬੱਚਿਆਂ ਦੋਵਾਂ ਦੀ (ਸ) ਮੁੱਖ ਅਧਿਆਪਕ ਦੀ
2. ਇਹਨਾਂ ਵਿਚੋਂ ਕਿਹੜੀਆਂ ਚੀਜ਼ਾਂ ਨਾਲ ਜਮਾਤ ਦਾ ਕਮਰਾ ਗੰਦਾ ਹੋ ਜਾਂਦਾ ਹੈ ?
   (ੳ) ਕੂੜਾ-ਕਰਕਟ (ਅ) ਪੈਨਸਿਲ ਦੇ ਛਿਲਕੇ
   (ੲ) ਕਾਗ਼ਜ਼ ਦੇ ਟੁਕੜੇ (ਸ) ਇਹਨਾਂ ਸਾਰਿਆਂ ਨਾਲ਼



## (ਸ) ਪਖ਼ਾਨੇ ਦੀ ਸਫ਼ਾਈ

**ਸਹੀ ਵਰਤੋਂ ✓ ਮਤਲਬ**

- ਪਖ਼ਾਨਾ ਕਰਨ ਤੋਂ ਬਾਅਦ ਪਾਣੀ ਛੱਡਣਾ/ਡੋਲ੍ਹਣਾ।
- ਆਪਣੇ ਹੱਥ ਸਾਬਣ ਨਾਲ਼ ਚੰਗੀ ਤਰ੍ਹਾਂ ਧੋਣਾ।
- ਵਰਤਣ ਤੋਂ ਬਾਅਦ ਸਾਬਣ ਨੂੰ ਪਾਣੀ ਨਾਲ਼ ਧੋ ਕੇ ਸੁੱਕਣ ਲਈ ਰੱਖਣਾ।
- ਪਖ਼ਾਨੇ ਨੂੰ ਫਰਨੈਲ ਵਾਲ਼ੇ ਪਾਣੀ ਨਾਲ਼ ਧੋਣਾ।
- ਟਾਇਲਟ ਸ਼ੀਟ ਨੂੰ ਰੋਜ਼ਾਨਾ ਸਾਫ਼ ਕਰਨਾ।



ਪਤਾ ਹੈ ਜੇਕਰ ਪਖ਼ਾਨੇ ਨੂੰ ਗੰਦਾ ਰੱਖੋਗੇ ਤਾਂ ਮੱਖੀਆਂ ਆਉਣਗੀਆਂ, ਬਦਬੂ ਆਏਗੀ......
ਅਸੀਂ ਬਿਮਾਰ ਹੋ ਸਕਦੇ ਹਾਂ............



1. ਕੀ ਤੁਹਾਡੇ ਘਰ ਵਿੱਚ ਪਖ਼ਾਨਾ ਹੈ ?

   .......................................................................................................?

2. ਇਸ ਦੀ ਸਫ਼ਾਈ ਕੌਣ ਕਰਦਾ ਹੈ ?

   .......................................................................................................?

| ਮੈਂ ਇਹ ਕਰਦਾ/ਕਰਦੀ ਹਾਂ | ਹਾਂ / ਨਹੀਂ |
|---|---|
| 1. ਰੋਜ਼ ਬੁਰਸ਼ ਕਰਨਾ ਅਤੇ ਨਹਾਉਣਾ | |
| 2. ਨਹੁੰ ਕੱਟਣਾ | |
| 3. ਖਾਣਾ ਜੂਠਾ ਛੱਡਣਾ | |
| 4. ਜਮਾਤ ਵਿੱਚ ਕਾਗਜ਼ ਸੁੱਟਣਾ | |
| 5. ਘਰ ਦੇ ਦਰਵਾਜ਼ੇ ਖੁੱਲ੍ਹੇ ਛੱਡਣਾ | |
| 6. ਹੱਥ ਸਾਬਣ ਨਾਲ਼ ਧੋਣਾ | |
| 7. ਪਖ਼ਾਨੇ ਤੋਂ ਬਾਅਦ ਪਾਣੀ ਡੋਲ੍ਹਣਾ | |

## ਮੌਖਿਕ ਪ੍ਰਸ਼ਨ

1. ਪਖ਼ਾਨਾ ਗੰਦਾ ਨਾ ਹੋਵੇ ਇਸ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ?
   (ੳ) ਪਖ਼ਾਨੇ ਦਾ ਦਰਵਾਜ਼ਾ ਬੰਦ ਕਰਨਾ
   (ਅ) ਪਖ਼ਾਨਾ ਕਰਨ ਲਈ ਘਰ ਤੋਂ ਬਾਹਰ ਜਾਣਾ
   (ੲ) ਪਖ਼ਾਨੇ ਨੂੰ ਰੋਜ਼ਾਨਾ ਸਾਫ਼ ਕਰਨਾ
   (ਸ) ਮੱਖੀਆਂ ਨੂੰ ਮਾਰਨਾ
2. ਹੇਠ ਦਿੱਤਿਆਂ ਵਿੱਚੋਂ ਕਿਸ ਵਿੱਚ ਪਖ਼ਾਨਾ ਬਣਿਆ ਹੁੰਦਾ ਹੈ ?
   (ੳ) ਘਰ ਵਿੱਚ
   (ਅ) ਸਕੂਲ ਵਿੱਚ
   (ੲ) ਹਸਪਤਾਲ ਵਿੱਚ
   (ਸ) ਇਹਨਾਂ ਸਾਰਿਆਂ ਵਿੱਚ

ਪਾਠ 2

# ਸਮੇਂ ਦੀ ਕਦਰ

## (ੳ) ਸਮੇਂ ਦੀ ਸਹੀ ਵਰਤੋਂ

1





2





3










**ਮੌਖਿਕ ਪ੍ਰਸ਼ਨ** ਤਸਵੀਰਾਂ ਦਿਖਾ ਕੇ

- (ਤਸਵੀਰ ਨੰ: 1 ਦਿਖਾ ਕੇ) ਕਿਹੜਾ ਬੱਚਾ ਸਮੇਂ-ਸਿਰ ਜਾਗਿਆ ਹੈ?
- (ਤਸਵੀਰ ਨੰ: 2 ਦਿਖਾ ਕੇ) ਸਮੇਂ ਦੀ ਕਦਰ ਕਿਹੜਾ ਬੱਚਾ ਕਰ ਰਿਹਾ ਹੈ?
- (ਤਸਵੀਰ ਨੰ: 3 ਦਿਖਾ ਕੇ) ਸਮੇਂ ਦੀ ਸਹੀ ਵਰਤੋਂ ਕੌਣ ਕਰ ਰਿਹਾ ਹੈ?
- (ਤਸਵੀਰ ਨੰ: 4 ਦਿਖਾ ਕੇ) ਕਿਹੜਾ ਬੱਚਾ ਤੰਦਰੁਸਤ ਰਹਿ ਸਕਦਾ ਹੈ? ਸ਼ਾਮ ਸਮੇਂ ਖੇਡ ਰਿਹਾ ਬੱਚਾ ਜਾਂ ਸੌਂ ਰਿਹਾ ਬੱਚਾ।

## (ੳ) ਸਮਾਂ ਮੇਰਾ ਆੜੀ

### ਸਮੇਂ-ਸਿਰ (ਕਵਿਤਾ)

ਸੂਰਜ ਕਿਰਨਾਂ ਜਦੋਂ ਬਿਖ਼ੇਰੇ।
ਉੱਠ ਖੜ੍ਹਦਾ ਹਾਂ ਉਦੋਂ ਸਵੇਰੇ।
ਸੁਭਾ ਨਹਾ ਕੇ ਰੋਟੀ ਖਾਵਾਂ।
ਵਰਦੀ ਪਹਿਨ ਸਕੂਲੇ ਜਾਵਾਂ।

ਸਵੇਰ ਦੀ ਸਭਾ ਕਦੇ ਨਾ ਛੱਡਾਂ।
ਚੰਗੇ ਬੋਲ ਹੀ ਮੂੰਹੋਂ ਕੱਢਾਂ।
ਘੰਟੀ ਵੱਜੀ ਜਮਾਤ 'ਚ ਜਾਵਾਂ।
ਮਾਸਟਰ ਜੀ ਨੂੰ ਪਾਠ ਸੁਣਾਵਾਂ।





ਅੱਧੀ ਛੁੱਟੀ ਖਾਣਾ ਖਾਈਏ।
ਖੇਡ-ਕੁੱਦ ਕੇ ਵਕਤ ਬਿਤਾਈਏ।
ਛੁੱਟੀ ਬੰਦ ਤੇ ਸ਼ੁਰੂ ਪੜ੍ਹਾਈ।
ਜਾਈਏ ਆਪਣੀ ਅਕਲ ਵਧਾਈ।

ਕੰਮ ਸਮੇਂ ਸਿਰ ਕਰਦਾਂ ਸਾਰਾ।
ਸਭਨਾ ਲਈ ਹਾਂ ਬਾਲ ਪਿਆਰਾ।
ਆਓ ਮਿਲ ਕੇ ਗੀਤ ਇਹ ਗਾਈਏ।
ਸਾਰੇ ਕਦਰ ਸਮੇਂ ਦੀ ਪਾਈਏ।



## ਕਿਰਿਆ 2.1

ਕਵਿਤਾ ਵਿੱਚੋਂ ਮੌਖਿਕ ਰੂਪ ਵਿੱਚ ਕੰਮਾਂ ਦੀ ਸੂਚੀ ਤਿਆਰ ਕਰਨੀ ਕਿ ਕਿਹੜਾ ਕੰਮ ਕਦੋਂ ਅਤੇ ਕਿੱਥੇ ਹੋਇਆ?

| 1. ਸਵੇਰ ਸਮੇਂ ਘਰ ਵਿੱਚ | 2. ਸਕੂਲ ਵਿੱਚ |
|---|---|
| ੳ) ........................ | ੳ) ........................ |
| ਅ) ........................ | ਅ) ........................ |
| ੲ) ........................ | ੲ) ........................ |

## (ੲ) ਗੱਲਾਂ ਅਤੇ ਸਵਾਲ

1. ਬੱਚਿਓ ! ਤੁਸੀਂ ਸਵੇਰੇ ਕਿੰਨੇ ਵਜੇ ਉੱਠਦੇ ਹੋ ?
2. ਆਪਣਾ ਸਕੂਲ ਕਿੰਨੇ ਵਜੇ ਖੁੱਲ੍ਹਦਾ ਹੈ ?
3. ਜੇਕਰ ਤੁਸੀਂ ਸਕੂਲ ਦੇਰੀ ਨਾਲ ਪਹੁੰਚਦੇ ਹੋਂ ਤਾਂ ਕੀ ਹੋਵੇਗਾ ?
4. ਤੁਸੀਂ ਦੁਪਹਿਰ ਦਾ ਖਾਣਾ ਕਿੰਨੇ ਵਜੇ ਖਾਂਦੇ ਹੋ ?
5. ਅਸੀਂ ਸਮਾਂ ਦੇਖਣ ਲਈ ਕਿਹੜੀ ਚੀਜ਼ ਦੀ ਵਰਤੋਂ ਕਰਦੇ ਹਾਂ ?
6. ਤਾਰੇ ਕਦੋਂ ਦਿਖਾਈ ਦਿੰਦੇ ਹਨ ? ਉਹ ਸਮਾਂ ਕਿਸ ਕੰਮ ਦਾ ਹੁੰਦਾ ਹੈ ?




ਸਮੇਂ ਬਾਰੇ ਗੱਲ-ਬਾਤ ਅਤੇ ਪ੍ਰਸ਼ਨਾਂ ਨੂੰ ਵਧਾਇਆ ਜਾ ਸਕਦਾ ਹੈ ਅਤੇ ਕੰਧ-ਘੜੀ ਬਾਰੇ ਚਰਚਾ ਕੀਤੀ ਜਾ ਸਕਦੀ ਹੈ।

## (ਸ) ਸਮੇਂ ਦੀ ਪਾਬੰਦੀ

ਕੁੱਝ ਬੱਚੇ ਅੱਧੀ ਛੁੱਟੀ ਖ਼ਤਮ ਹੋਣ ਪਿੱਛੋਂ ਕੁਝ ਦੇਰੀ ਨਾਲ਼ ਜਮਾਤ ਵਿੱਚ ਆਉਂਦੇ ਹਨ। ਉਹਨਾਂ ਦੇ ਹਵਾਲੇ ਨਾਲ਼ ਇਹ ਦੱਸਣਾ ਕਿ ਇੰਝ ਕਰਨ ਨਾਲ਼ ਉਹਨਾਂ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋਇਆ ਹੈ। ਉਹਨਾਂ ਦੀ ਉਡੀਕ ਕਾਰਨ ਦੂਸਰੇ ਬੱਚਿਆਂ ਦਾ ਨੁਕਸਾਨ ਹੋਇਆ ਹੈ ਅਤੇ ਅਧਿਆਪਕ ਦਾ ਸਮਾਂ ਵੀ ਖ਼ਰਾਬ ਹੋਇਆ ਹੈ। ਸਮੇਂ ਦੀ ਪਾਬੰਦੀ ਨਾਲ਼ ਸਭ ਕੁੱਝ ਠੀਕ ਹੋ ਜਾਵੇਗਾ। ਅਨੁਸ਼ਾਸਨ ਬਣਿਆ ਰਹੇਗਾ। ਸਮੇਂ ਦੀ ਕਦਰ ਕਰੋ।

## (ਹ) ਬੁੱਝੋ ਮੇਰੀ ਬਾਤ



1. ਤੁਰਿਆ ਜਾਵਾਂ, ਤੁਰਿਆ ਜਾਵਾਂ।
ਫੇਰ ਕਿਸੇ ਦੇ ਹੱਥ ਨਾ ਆਵਾਂ। (ਸਮਾਂ)

2. ਤਿੰਨ ਬੱਚੇ ਇੱਕ ਮਾਂ।
ਬੱਚੇ ਰਹਿਣ ਭੱਜਦੇ,
ਮਾਂ ਬੈਠੀ ਉਸੇ ਥਾਂ। (ਕੰਧ-ਘੜੀ)

3. ਕੋਈ ਦੇਖੇ ਕੰਧ ਤੋਂ,
ਕੋਈ ਦੇਖੇ ਗੁੱਟ ਤੋਂ।
ਚੀਜ਼ ਉਹ ਦੱਸੋ ਕਿਹੜੀ,
ਮਾਂ ਪੁੱਛੇ ਪੁੱਤ ਤੋਂ। (ਘੜੀ ਤੇ ਸਮਾਂ)

4. ਜੋ ਗੁਆਉਂਦੇ, ਉਹ ਪਛਤਾਉਂਦੇ,
ਜੋ ਵਿਚਾਰਦੇ ਸੋ ਸੁਆਰਦੇ।
ਕਹਿਣ ਸਿਆਣੇ ਸੋਨੇ ਤੋਂ ਮਹਿੰਗਾ,
ਜੋ ਇਸ ਦਾ ਨੇ ਮੁੱਲ ਤਾਰਦੇ। (ਸਮਾਂ)



## 3 ਪਾਠ

# ਮਾਫ਼ੀ ਅਤੇ ਧੰਨਵਾਦ

### (ੳ) ਗਲਤੀਆਂ ਲਈ ਮਾਫ਼ੀ



ਅਸੀਂ ਬਹੁਤ ਗ਼ਲਤੀਆਂ ਕਰਦੇ।
ਮਾਫ਼ੀ ਦੇ ਦਿੰਦੇ ਨੇ ਘਰ ਦੇ।





ਸਿਰ ਉਹਨਾਂ ਦੇ ਪੈਰੀਂ ਧਰ ਦੇ।
ਤਾਂ ਹੀਂ ਧੰਨਵਾਦ ਹਾਂ ਕਰਦੇ।

ਆਓ ਬੱਚਿਓ ਅੱਜ ਸੁਣਾਵਾਂ ਬਿੱਟੂ ਦੀ ਹੱਡ-ਬੀਤੀ।
ਉਸਨੇ ਕਿੰਨੀ ਵਾਰੀ ਗ਼ਲਤੀ 'ਤੇ ਗ਼ਲਤੀ ਹੈ ਕੀਤੀ।





ਅੱਛਾ ! ਫੇਰ ਕੀ ਹੋਇਆ
ਬਿੱਟੂ ਨਾਲ਼

ਸੁਣੋ ਫਿਰ ਬਿੱਟੂ ਦੀ ਗੱਲ



1

ਬਿੱਟੂ ਜਦੋਂ ਸਕੂਲੋਂ ਆਇਆ।
ਆ ਕੇ ਘਰੇ ਖਿਲਾਰਾ ਪਾਇਆ।

2

ਬੂਟ, ਜੁਰਾਬਾਂ ਤੇ ਵਰਦੀ ਨੂੰ,
ਸਾਰੇ ਘਰ ਦੇ ਵਿੱਚ ਫ਼ੈਲਾਇਆ।

3

ਮੰਮੀ ਕਹਿੰਦੇ ਪਿਆਰੇ ਪੁੱਤਰ।
ਕੋਲ਼ੇ ਆ ਕੇ ਦੇਵੋ ਉੱਤਰ।
ਸਕੂਲ ਵਿੱਚ ਨਾ ਖਾਣਾ ਖਾਂਦੇ।
ਤਾਹੀਂਓ ਤਾਂ ਡਾਕਟਰ ਦੇ ਜਾਂਦੇ।

4

ਆਪਣੀ ਹਰ ਇੱਕ ਚੀਜ਼ ਨੂੰ ਚੁੱਕੋ।
ਚੁੱਕ ਕੇ ਆਪਣੀ ਥਾਂ 'ਤੇ ਰੱਖੋ।





5

ਬਿੱਟੂ ਦੂਜੇ ਕਮਰੀਂ ਵੜਿਆ।
ਗੰਦੇ ਪੈਰੀਂ ਮੰਜੇ ਚੜ੍ਹਿਆ।
ਬਿੱਟੂ ਨੇ ਫਿਰ ਕੁੱਦ-ਕੁੱਦ ਸਾਰੀ।
ਚਾਦਰ ਪੈਰਾਂ ਨਾਲ ਖਿਲਾਰੀ।

6

ਪਾਪਾ ਕਹਿੰਦੇ ਸੁਣ ਓ ਬੇਟਾ।
ਭੱਜ-ਦੌੜ ਤੂੰ ਇਹ ਕੀ ਕੀਤਾ।

7

ਦਾਦੀ ਜੀ ਦੀ ਮਾਲ਼ਾ ਪਿਆਰੀ।
ਮਣਕਾ-ਮਣਕਾ ਕਰਤੀ ਸਾਰੀ।

8

ਕਹਿੰਦੇ ਦਾਦੀ ਪਿਆਰੇ ਬੇਟਾ।
ਮਣਕੇ ਚੁੱਕ ਕੇ ਸੁੱਟੇ ਹੇਠਾਂ।
ਮਣਕੇ ਸੌਖੇ ਬੜੇ ਖਿੰਡਾਉਣੇ।
ਔਖੇ ਹੁੰਦੇ ਫੇਰ ਪਰੋਣੇ।





9
ਬਿੱਟੂ ਸੁੱਤਾ ਚੜ੍ਹੀ ਸਵੇਰ।
ਸਕੂਲ ਜਾਣ ਵਿੱਚ ਹੋ ਗਈ ਦੇਰ।
ਚੌਂਕੀਦਾਰ ਨੇ ਲਿਆ ਸੀ ਘੇਰ।
ਗ਼ੈਰ-ਹਾਜ਼ਰੀ ਲੱਗ ਗਈ ਫੇਰ।

10
ਮੈਡਮ ਜੀ ਨੇ ਕੋਲ਼ ਬੁਲਾਇਆ।
ਬਿੱਟੂ ਦੱਸ ਤੂੰ ਲੇਟ ਕਿਉਂ ਆਇਆ ?

11
ਟੀ.ਵੀ. ਇੱਕ ਪਲ ਬੰਦ ਨਾ ਕੀਤਾ।
ਸਕੂਲ ਦਾ ਦਿੱਤਾ ਕੰਮ ਨਾ ਕੀਤਾ।
ਮੰਮੀ ਜੀ ਨੇ ਸੀ ਸਮਝਾਇਆ।
ਅੱਜ ਤਾਂ ਡਾਹਢਾ ਹੀ ਪਛਤਾਇਆ।



12
ਹੌਲ਼ੀ-ਹੌਲ਼ੀ ਘਰ ਵਿੱਚ ਆ ਕੇ।
ਦਾਦੀ ਜੀ ਨੂੰ ਕੋਲ਼ ਬਿਠਾ ਕੇ।
ਬਿੱਟੂ ਨੇ ਸੀ ਹਿੰਮਤ ਮਾਰੀ।
ਵਿਥਿਆ ਦੱਸੀ ਆਪਣੀ ਸਾਰੀ।

13
ਦਾਦਾ ਜੀ ਨੇ ਗੱਲ ਸਮਝਾਈ।
ਕੰਨ ਲਗਾ ਕੇ ਸੁਣ ਓ ਭਾਈ।
ਸਮਝਦਾਰ ਜੋ ਬੱਚੇ ਸਾਰੇ।
ਲੱਗਦੇ ਸਭ ਨੂੰ ਬਹੁਤ ਪਿਆਰੇ।





14
ਇੱਕ ਵਾਰ ਮੈਨੂੰ ਕਰ ਦਿਓ ਮਾਫ਼।
ਏਦਾਂ ਮੇਰਾ ਦੇਵੋ ਸਾਥ।
ਗ਼ਲਤੀ ਕਰਨ ਤੋਂ ਬਹੁਤ ਡਰਦਾ।
ਥੋੜਾ ਮੈਂ ਧੰਨਵਾਦ ਹਾਂ ਕਰਦਾ।

## ਮੌਖਿਕ ਪ੍ਰਸ਼ਨ

1. ਤੁਸੀਂ ਕਿਹੜੀ-ਕਿਹੜੀ ਗ਼ਲਤੀ ਕਰਦੇ ਹੋ ?
2. ਕੀ ਤੁਸੀਂ ਆਪਣੀਆਂ ਗ਼ਲਤੀਆਂ ਲਈ ਆਪਣੇ ਘਰਦਿਆਂ ਤੋਂ ਮਾਫ਼ੀ ਮੰਗਦੇ ਹੋ ?
3. ਤੁਸੀਂ ਆਪਣੇ ਮੰਮੀ ਜੀ ਦਾ ਕਿਹੜਾ-ਕਿਹੜਾ ਕਹਿਣਾ ਮੰਨਦੇ ਹੋ ?
4. ਤੁਸੀਂ ਆਪਣੇ ਪਾਪਾ ਦੀ ਕਿਹੜੀ ਗੱਲ ਮੰਨੀ ?
5. ਦਾਦੀ ਜੀ ਦੀ ਤੁਸੀਂ ਕੀ ਮਦਦ ਕੀਤੀ ?
6. ਦਾਦਾ ਜੀ ਤੁਹਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਸਮਝਾਉਂਦੇ ਹਨ ?

## (ਅ) ਕਦੋਂ ਮਾਫ਼ੀ ਕਦੋਂ ਧੰਨਵਾਦ


ਧੰਨਵਾਦ ਲਈ


ਮਾਫ਼ੀ ਲਈ

## ਕਿਰਿਆ 3.1

ਅਧਿਆਪਕ ਵੱਲੋਂ ਬੱਚਿਆਂ ਨੂੰ ਉਹਨਾਂ ਦੁਆਰਾ ਕੀਤੀਆਂ ਜਾਣ ਵਾਲ਼ੀਆ ਗ਼ਲਤੀਆਂ ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਉਹਨਾਂ ਦੀਆਂ ਗ਼ਲਤੀਆਂ ਦੇ ਨਤੀਜੇ ਵੀ ਦੱਸੇ ਜਾਣਗੇ ਤਾਂ ਜੋ ਭਵਿੱਖ ਵਿੱਚ ਉਹ ਗ਼ਲਤੀਆਂ ਨਾ ਦੁਹਰਾਉਣ। ਅਧਿਆਪਕ ਵੱਲੋਂ ਬੱਚਿਆਂ ਦੀ ਭਾਸ਼ਾ ਵਿੱਚ ਮਾਪਿਆਂ ਦੁਆਰਾ ਦਿੱਤੀ ਜਾਣ ਵਾਲ਼ੀ ਮਾਫ਼ੀ ਦੀ ਮਹਾਨਤਾ ਬਾਰੇ ਵੀ ਜਾਣੂੰ ਕਰਵਾਇਆ ਜਾਵੇਗਾ। ਬੱਚਿਆਂ ਨੂੰ ਗ਼ਲਤੀ ਕਰਨ 'ਤੇ ਮਾਫ਼ੀ ਮੰਗਣ ਅਤੇ ਮਾਪਿਆਂ ਦੁਆਰਾ ਮਾਫ਼ੀ ਦੇਣ ਉਪਰੰਤ ਧੰਨਵਾਦ ਕਰਨ ਦੇ ਗੁਣ ਪੈਦਾ ਕੀਤੇ ਜਾਣਗੇ, ਤਾਂ ਜੋ ਭਵਿੱਖ ਵਿੱਚ ਉਸ ਦੇ ਚੰਗੇ ਚਰਿੱਤਰ ਦਾ ਨਿਰਮਾਣ ਹੋ ਸਕੇ।

ਇਹ ਸਨ ਬਿੱਟੂ ਦੀਆਂ ਗ਼ਲਤੀਆਂ ਅਤੇ ਮਾਪਿਆਂ ਦੁਆਰਾ ਦਿੱਤੀ ਮਾਫ਼ੀ।



ਕੀ ਤੁਸੀਂ ਵੀ ਬਿੱਟੂ ਵਰਗੀਆਂ ਗ਼ਲਤੀਆਂ ਕਰਦੇ ਹੋ ? ਜੇ ਕਰਦੇ ਹੋ ਤਾਂ ਮਾਫ਼ੀ ਮੰਗ ਕੇ ਧੰਨਵਾਦ ਕਰਦੇ ਹੋ ?

4
ਪਾਠ

# ਘਰ, ਸਕੂਲ ਅਤੇ ਮੇਰਾ ਪਿੰਡ

## (ੳ) ਘਰ ਅਤੇ ਸਕੂਲ ਨਾਲ਼ ਪਿਆਰ





### ਅਧਿਆਪਕ ਲਈ

ਇਹ ਦੋ ਤਸਵੀਰਾਂ ਹਨ। ਪਹਿਲੀ ਤਸਵੀਰ ਘਰ ਦੀ ਹੈ। ਦੂਜੀ ਤਸਵੀਰ ਸਕੂਲ ਦੀ ਹੈ। ਅਸੀਂ ਜ਼ਿਆਦਾਤਰ ਘਰ ਵਿੱਚ ਰਹਿੰਦੇ ਹਾਂ ਜਾਂ ਸਕੂਲ ਵਿੱਚ। ਘਰ ਵਿੱਚ ਸਾਡੇ ਮੰਮੀ-ਪਾਪਾ ਸਾਡਾ ਧਿਆਨ ਰੱਖਦੇ ਹਨ। ਸਕੂਲ ਵਿੱਚ ਅਧਿਆਪਕ ਸਾਡਾ ਧਿਆਨ ਰੱਖਦੇ ਹਨ। ਘਰ ਸਾਡਾ ਪਹਿਲਾ ਸਕੂਲ ਹੁੰਦਾ ਹੈ।ਸਕੂਲ ਵੀ ਸਾਡੇ ਘਰ ਵਰਗਾ ਪਿਆਰਾ ਹੁੰਦਾ ਹੈ।


ਤਸਵੀਰ ਪਹਿਚਾਣੋ: ਕਿਹੜੀ ਘਰ ਦੀ ਹੈ ਅਤੇ ਕਿਹੜੀ ਸਕੂਲ ਦੀ ?

















## ਮੌਖਿਕ ਪ੍ਰਸ਼ਨ

1. ਤੁਹਾਨੂੰ ਆਪਣਾ ਘਰ ਚੰਗਾ ਲੱਗਦਾ ਹੈ ਕਿ ਸਕੂਲ ? (ਘਰ, ਸਕੂਲ, ਦੋਵੇਂ)
2. ਤੁਹਾਨੂੰ ਘਰ ਕਿਉਂ ਚੰਗਾ ਲੱਗਦਾ ਹੈ?
3. ਤੁਹਾਨੂੰ ਸਕੂਲ ਕਿਉਂ ਚੰਗਾ ਲੱਗਦਾ ਹੈ?
4. ਘਰ ਵਿਚ ਤੁਹਾਡਾ ਧਿਆਨ ਕੌਣ ਰੱਖਦਾ ਹੈ?
5. ਸਕੂਲ ਵਿਚ ਤੁਹਾਡਾ ਧਿਆਨ ਕੌਣ ਰੱਖਦਾ ਹੈ?
6. ਤੁਹਾਨੂੰ ਸਕੂਲ ਵਿਚ ਕੌਣ ਪੜ੍ਹਾਉਂਦਾ ਹੈ?
7. ਤੁਹਾਨੂੰ ਘਰ ਵਿਚ ਕੌਣ ਪੜ੍ਹਾਉਂਦਾ ਹੈ?
8. ਕੀ ਤੁਹਾਨੂੰ ਮੰਮੀ-ਪਾਪਾ ਪਿਆਰ ਕਰਦੇ ਹਨ ?
9. ਕੀ ਤੁਹਾਨੂੰ ਅਧਿਆਪਕ ਪਿਆਰ ਕਰਦੇ ਹਨ ?

## ਅਧਿਆਪਕ ਲਈ

ਅਧਿਆਪਕ ਵਿਦਿਆਰਥੀਆਂ ਨੂੰ ਤਸਵੀਰਾਂ ਅਤੇ ਵਾਰਤਾਲਾਪ ਰਾਹੀਂ ਘਰ ਅਤੇ ਸਕੂਲ ਦੋਹਾਂ ਦੀ ਮਹੱਤਤਾ ਦੱਸੇਗਾ। ਦੋਹਾਂ ਦੀ ਆਪਸੀ ਸਮਾਨਤਾ ਦਰਸਾ ਕੇ ਦੋਹਾਂ ਪ੍ਰਤੀ ਪਿਆਰ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ। ਅਧਿਆਪਕ ਦੋ ਬੱਚਿਆਂ ਤੋਂ ਰੋਲ-ਪਲੇਅ ਵਿਧੀ ਰਾਹੀਂ ਸਕੂਲ ਅਤੇ ਘਰ ਦੀ ਆਪਸੀ ਗੱਲ-ਬਾਤ ਕਰਾਵੇਗਾ। ਘਰ ਅਤੇ ਸਕੂਲ ਦੋਵੇਂ ਬੱਚਿਆਂ ਪ੍ਰਤੀ ਆਪਣੇ ਪਿਆਰ ਨੂੰ ਦੋ-ਦੋ, ਤਿੰਨ-ਤਿੰਨ ਲਘੂ ਸੰਵਾਦਾਂ ਰਾਹੀਂ ਪ੍ਰਗਟ ਕਰਨਗੇ। ਦੂਜਾ ਬੱਚਾ ਪਹਿਲੇ ਬੱਚੇ ਵਾਲ਼ੇ ਸੰਵਾਦ ਹੀ ਦੁਹਰਾਵੇਗਾ। ਸੰਵਾਦ ਇਹ ਹੋ ਸਕਦੇ ਨੇ-

ਮੈਨੂੰ ਬੱਚੇ ਬਹੁਤ ਪਿਆਰੇ ਲੱਗਦੇ ਨੇ।
ਮੈਂ ਚਾਹੁੰਦਾ ਹਾਂ ਕਿ ਬੱਚੇ ਬਹੁਤ ਪੜ੍ਹਨ।
ਮੈਂ ਚਾਹੁੰਦਾ ਹਾਂ ਕਿ ਬੱਚੇ ਖ਼ੁਸ਼ ਰਹਿਣ।

# (ਅ) ਪਿੰਡ ਨਾਲ਼ ਪਿਆਰ

ਪਿੰਡ ਹੈ ਮੇਰਾ ਪਿਆਰਾ-ਪਿਆਰਾ।
ਹਰ ਬੰਦਾ ਹੈ ਨਿਆਰਾ-ਨਿਆਰਾ।



ਸਭ ਲੋਕੀ ਖ਼ੁਸ਼-ਖ਼ੁਸ਼ ਰਹਿੰਦੇ ਨੇ।
ਤੇ ਸੱਚੀਆਂ ਗੱਲਾਂ ਕਹਿੰਦੇ ਨੇ।





ਮੇਰੇ ਆੜੀ ਨਿੰਦੀ, ਹਰਦਿਲ ਨੇ।
ਇਹ ਰੋਜ਼ ਹੀ ਮੈਨੂੰ ਮਿਲਦੇ ਨੇ।

ਇੱਥੇ ਸਭ ਨੂੰ ਸ਼ੌਕ ਹੈ ਪੜ੍ਹਨੇ ਦਾ।
ਨਈਂ ਸ਼ੌਕ ਕਿਸੇ ਨੂੰ ਲੜਨੇ ਦਾ।



## ਪਿੰਡ ਦੀ ਤਸਵੀਰ ਕਿਹੜੀ ਹੈ?





## ਮੌਖਿਕ ਪ੍ਰਸ਼ਨ

1. ਤੁਹਾਡਾ ਪਿੰਡ ਕਿਹੋ ਜਿਹਾ ਹੈ?
2. ਕੀ ਤੁਹਾਡੇ ਪਿੰਡ ਦੇ ਲੋਕ ਆਪਸ ਵਿਚ ਲੜਦੇ ਨੇ?
3. ਕੀ ਲੜਨਾ ਚੰਗੀ ਗੱਲ ਹੈ?
4. ਤੁਹਾਡੇ ਮੁਹੱਲੇ ਵਿਚ ਤੁਹਾਡੇ ਦੋਸਤ ਕਿਹੜੇ-ਕਿਹੜੇ ਹਨ?
5. ਤੁਹਾਡੇ ਪਿੰਡ ਦੇ ਲੋਕ ਪੜ੍ਹਨ ਦਾ ਸ਼ੌਕ ਰੱਖਦੇ ਨੇ ਕਿ ਨਹੀਂ?
6. ਪੜ੍ਹਨਾ ਚੰਗੀ ਗੱਲ ਹੈ ਕਿ ਬੁਰੀ ?
7. ਕਿਹੜਾ ਪਿੰਡ ਚੰਗਾ ਹੁੰਦਾ ਹੈ, ਪੜ੍ਹਨ ਵਾਲ਼ੇ ਲੋਕਾਂ ਦਾ ਕਿ ਲੜਨ ਵਾਲ਼ੇ ਲੋਕਾਂ ਦਾ?
8. ਜੇ ਅਚਾਨਕ ਤੁਹਾਡਾ ਪਿੰਡ ਬਦਲ ਦੇਈਏ ਤਾਂ ਤੁਹਾਨੂੰ ਕਿਵੇਂ ਲੱਗੇਗਾ ? ਚੰਗਾ ਕਿ ਬੁਰਾ?
9. ਤੁਸੀਂ ਆਪਣੇ ਪਿੰਡ ਹੀ ਕਿਉਂ ਰਹਿਣਾ ਚਾਹੁੰਦੇ ਹੋ?
10. ਸਾਨੂੰ ਆਪਣੇ ਗਲ਼ੀ-ਗੁਆਂਢ ਅਤੇ ਪਿੰਡ ਨਾਲ਼ ਪਿਆਰ ਹੋਣਾ ਚਾਹੀਦਾ ਹੈ। ਠੀਕ ਹੈ ਕਿ ਗ਼ਲਤ ?

## ਕਿਰਿਆ 4.1

ਅਧਿਆਪਕ ਆਪਣੀ ਦਿਲਚਸਪ ਗੱਲ-ਬਾਤ ਰਾਹੀਂ ਚੰਗੇ ਪਿੰਡ ਦੀ ਤਸਵੀਰ ਬੱਚਿਆਂ ਸਾਹਮਣੇ ਸਾਕਾਰ ਕਰੇਗਾ। ਪੜ੍ਹਨ-ਲਿਖਣ ਅਤੇ ਰਲ਼-ਮਿਲ਼ ਕੇ ਰਹਿਣ ਦੀ ਮਹੱਤਤਾ ਦੱਸੇਗਾ। ਪਿੰਡ ਪ੍ਰਤੀ ਪਿਆਰ ਪੈਦਾ ਕਰ ਕੇ ਪਿੰਡ ਦੇ ਲਈ ਕੁੱਝ ਕਰਨ ਦਾ ਜਜ਼ਬਾ ਪੈਦਾ ਕਰੇਗਾ। ਅੰਤ ਵਿੱਚ ਅਧਿਆਪਕ ਰੋਲ-ਪਲੇਅ ਵਿਧੀ ਰਾਹੀਂ ਆਪ ਪਿੰਡ ਦੇ ਰੋਲ ਵਿੱਚ ਕੁੱਝ ਸੰਵਾਦ ਬੋਲੇਗਾ। ਜਿਵੇਂ:-

**ਮੈਂ ਰਾਮਪੁਰ ਪਿੰਡ ਹਾਂ।**

**ਮੈਂ ਬੜਾ ਸਾਫ਼-ਸੁਥਰਾ ਹਾਂ।**

**ਮੇਰੇ ਲੋਕ ਬੜੇ ਚੰਗੇ ਨੇ।**

**ਇਹ ਕਦੇ ਆਪਸ ਵਿੱਚ ਲੜਦੇ ਨਹੀਂ।**

**ਮੇਰਾ ਸਕੂਲ ਬਹੁਤ ਸੋਹਣਾ ਹੈ।**

5 ਪਾਠ

# ਸਾਡੇ ਘਰ

## (ੳ) ਆਓ ਸਾਡੇ ਘਰ ਦੇਖੀਏ









### ਕਿਰਿਆ 5.1

ਅਧਿਆਪਕ ਬੱਚਿਆਂ ਨੂੰ ਮੌਖਿਕ ਰੂਪ ਵਿਚ ਸਵਾਲ ਕਰੇਗਾ। ਜਿਵੇਂ ਕਿ ਬੱਚਿਓ ਤੁਸੀਂ ਕਿੱਥੇ ਰਹਿੰਦੇ ਹੋ? ਇਸ ਤੋਂ ਬਾਅਦ ਉਹ ਵੱਖ-ਵੱਖ ਪੰਛੀਆਂ ਦੇ ਨਾਂ ਲੈ ਕੇ ਉਹਨਾਂ ਦੇ ਰਹਿਣ-ਸਥਾਨ ਬਾਰੇ ਗੱਲਾਂ-ਬਾਤਾਂ ਕਰੇਗਾ। ਗੱਲਾਂ-ਬਾਤਾਂ ਨਾਲ਼ ਹੀ ਅਧਿਆਪਕ ਬੱਚਿਆਂ ਨੂੰ ਇਹ ਦੱਸੇਗਾ ਕਿ ਇਹ ਧਰਤੀ ਸਿਰਫ਼ ਮਨੁੱਖਾਂ ਦੀ ਹੀ ਨਹੀਂ, ਸਗੋਂ ਸਾਰੇ ਪਸ਼ੂ-ਪੰਛੀਆਂ ਦੀ ਵੀ ਹੈ। ਜਿਵੇਂ ਜੇਕਰ ਕੋਈ ਸਾਡਾ ਘਰ ਢਾਹਵੇ ਤਾਂ ਸਾਨੂੰ ਉਸ ਦਾ ਦੁੱਖ ਹੁੰਦਾ ਹੈ। ਉਸੇ ਤਰ੍ਹਾਂ ਸਾਨੂੰ ਵੀ ਕਿਸੇ ਪੰਛੀ ਦਾ ਆਲ੍ਹਣਾ ਨਹੀਂ ਢਾਹੁੰਣਾ ਚਾਹੀਦਾ।




**ਕਿਰਿਆ 5.2**

## (ਅ) ਮਿਲਾਨ ਕਰੀਏ

**ਅਧਿਆਪਕ ਇਹਨਾਂ ਦਾ ਸਹੀ ਮਿਲਾਨ ਕਰਨ ਲਈ ਕਹੇਗਾ।**























### ਪਰਿਣਾਮ

ਇਸ ਕਿਰਿਆ ਰਾਹੀਂ ਵਿਦਿਆਰਥੀ ਇਹ ਜਾਣਨਗੇ ਕਿ ਇਸ ਧਰਤੀ 'ਤੇ ਸਿਰਫ਼ ਮਨੁੱਖ ਹੀ ਨਹੀਂ ਸਗੋਂ ਹੋਰ ਜੀਵ-ਜੰਤੂਆਂ ਦਾ ਬਸੇਰਾ ਵੀ ਹੈ।ਸਾਰਿਆਂ ਨਾਲ਼ ਰਲ਼-ਮਿਲ਼ ਕੇ ਹੀ ਰਹਿਣਾ ਚਾਹੀਦਾ ਹੈ।

## (ੲ) ਅਸੀਂ ਹਾਂ ਸਾਰੇ ਆੜੀ

**ਉਦੇਸ਼ : ਵਿਦਿਆਰਥੀਆਂ ਅੰਦਰ ਆਲ਼ੇ-ਦੁਆਲ਼ੇ ਦੇ ਪਸ਼ੂ-ਪੰਛੀਆਂ ਦੀ ਮਨੁੱਖ ਨਾਲ਼ ਸਾਂਝ ਦਾ ਅਹਿਸਾਸ ਪੈਦਾ ਕਰਨਾ।**

**ਵਾਰਤਾਲਾਪ :**

ਅਧਿਆਪਕ : ਪਿਆਰੇ ਬੱਚਿਓ, ਕਿਵੇਂ ਹੋ ਸਾਰੇ? ਲੈਂਦੇ ਹੋ ਨਜ਼ਾਰੇ !

ਵਿਦਿਆਰਥੀ : ਹਾਂ ਜੀ , ਸਰ ਜੀ।

ਅਧਿਆਪਕ : ਸ਼ਾਬਾਸ਼ ! ਇਸੇ ਤਰ੍ਹਾਂ ਖ਼ੁਸ਼ ਰਹੋ ... ਅੱਜ ਆਪਾਂ ਕੁੱਝ ਗੱਲਾਂ ਆਪਣੇ ਘਰਾਂ ਬਾਰੇ ਕਰਦੇ ਹਾਂ। ਇਉਂ ਦੱਸੋ ਕਿ ਤੁਹਾਡੇ ਘਰ 'ਚ ਕੌਣ-ਕੌਣ ਨੇ ...?

ਇੱਕ ਵਿਦਿਆਰਥੀ : ਜੀ ਮੇਰੇ ਮੰਮੀ-ਡੈਡੀ।

ਦੂਜਾ : ਜੀ ਮੇਰੇ ਦਾਦਾ-ਦਾਦੀ ਜੀ।

ਤੀਜਾ : ਮੇਰੀ ਭੈਣ ਤੇ ਮੇਰਾ ਭਰਾ ਜੀ।

ਅਧਿਆਪਕ : ਸ਼ਾਬਾਸ਼ ! ... ਹੋਰ ਕੌਣ-ਕੌਣ ਨੇ ਤੁਹਾਡੇ ਘਰ 'ਚ ?

ਇੱਕ ਵਿਦਿਆਰਥੀ : ਸਾਡੇ ਘਰ ਇੱਕ ਕੁੱਤਾ ਵੀ ਐ ਜੀ, ਮੈਂ ਓਹਦਾ ਨਾਂ ਟੌਮੀ ਰੱਖਿਐ ... ਬਹੁਤ ਖੇਡਦਾ ਜੀ ਮੇਰੇ ਨਾਲ਼ ...

ਦੂਜਾ ਵਿਦਿਆਰਥੀ : ਸਾਡੇ ਘਰੇ ਬੱਕਰੀ ਐ ਜੀ , ਇੱਕ ਗਾਂ ਵੀ ... ਉਹ ਸਾਨੂੰ ਦੁੱਧ ਦਿੰਦੀਆਂ ਨੇ ਜੀ।

ਅਧਿਆਪਕ : ਓ ਸ਼ਾਬਾਸ਼ ! ਤੇ ਤੁਸੀਂ ਉਹਨਾਂ ਨੂੰ ਕੀ ਦਿੰਦੇ ਹੋ ?

ਵਿਦਿਆਰਥੀ : ਹਰਾ-ਚਾਰਾ ਪਾਉਂਦੇ ਆਂ ਜੀ , ਮੈਂ ਉਹਨਾਂ ਨੂੰ ਪਾਣੀ ਵੀ ਪਿਆਉਣਾ ਜੀ।

ਅਧਿਆਪਕ : ਸ਼ਾਬਾਸ਼ ! ਬਹੁਤ ਚੰਗੀ ਗੱਲ ਐ , ਹੋਰ ਦੱਸੋ ਬਈ ...

ਵਿਦਿਆਰਥੀ : ਸਾਡੇ ਖੱਚਰ ਐ ਜੀ। ਮੇਰੇ ਡੈਡੀ ਉਹਨੂੰ ਰੇਹੜੀ ਨਾਲ਼ ਜੋੜ ਕੇ ਲੋਕਾਂ ਦਾ ਸਮਾਨ ਛੱਡ ਕੇ ਆਉਂਦਾ ਜੀ।

### ਕਿਰਿਆ 5.3

ਇਸ ਤਰ੍ਹਾਂ ਅਧਿਆਪਕ ਆਪਣੇ ਤਰੀਕੇ ਨਾਲ਼ ਵਿਦਿਆਰਥੀਆਂ ਨਾਲ਼ ਗੱਲਾਂ ਕਰੇਗਾ। ਕੁੱਝ ਵਿਦਿਆਰਥੀ ਘਰੇ ਪਾਲ਼ੇ ਕਬੂਤਰਾਂ ਅਤੇ ਖ਼ਰਗੋਸ਼ਾਂ ਬਾਰੇ ਵੀ ਦੱਸ ਸਕਦੇ ਹਨ। ਅਧਿਆਪਕ ਇੱਥੇ ਇਸ ਵਿਧੀ ਰਾਹੀਂ ਬੱਚਿਆਂ ਅੰਦਰ ਇਹ ਅਹਿਸਾਸ ਪੈਦਾ ਕਰੇਗਾ ਕਿ ਸਾਡੀ ਸਭ ਨਾਲ਼ ਸਾਂਝ ਹੈ। ਅਸੀਂ ਸਾਰੇ ਇੱਕ ਦੂਜੇ 'ਤੇ ਨਿਰਭਰ ਹਾਂ। ਅਸੀਂ ਜੇ ਕੁਝ ਵਸਤੂਆਂ ਕਿਸੇ ਤੋਂ ਲੈਂਦੇ ਹਾਂ ਤਾਂ ਕੁਝ ਚੀਜ਼ਾਂ ਅਸੀਂ ਵੀ ਕਿਸੇ ਨੂੰ ਦਿੰਦੇ ਹਾਂ।



### ਸਿੱਟਾ

ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਅੰਦਰ ਇਹ ਅਹਿਸਾਸ ਪੈਦਾ ਹੋਵੇਗਾ ਕਿ ਪਸ਼ੂ-ਪੰਛੀ ਅਤੇ ਮਨੁੱਖਾਂ ਦੀ ਆਪਸੀ ਸਾਂਝ ਹੁੰਦੀ ਹੈ। ਇੱਕ ਦੂਜੇ ਲਈ ਸਹਿਯੋਗ ਦੀ ਭਾਵਨਾ ਹੋਣੀ ਚਾਹੀਦੀ ਹੈ।

6
ਪਾਠ




# ਸੋਹਣੀ ਭਾਸ਼ਾ ਬੋਲੀਏ

## (ੳ) ਮਿੱਠੇ ਬੋਲ, ਕੌੜੇ ਬੋਲ

ਦੋ ਢਾਣੀਆਂ 'ਚ ਵਿਦਿਆਰਥੀ ਬੈਠੇ ਹਨ। ਪਹਿਲੀ ਢਾਣੀ 'ਚ ਅਨਮੋਲ, ਹਰਜੀਤ ਅਤੇ ਲਵਲੀਨ ਹਨ। ਦੂਜੀ ਢਾਣੀ 'ਚ ਮਨਦੀਪ, ਕੁਲਜੀਤ ਅਤੇ ਬਲਦੀਪ ਗੱਲਾਂ ਕਰ ਰਹੇ ਹਨ।





| ਪਹਿਲੀ ਢਾਣੀ — ਮਿੱਠੇ ਬੋਲ | ਦੂਜੀ ਢਾਣੀ — ਕੌੜੇ ਬੋਲ |
|---|---|
| ਤੁਸੀਂ | ਤੂੰ |
| ਹਾਂ ਜੀ | ਆਹੋ |
| ਠੀਕ ਜੀ | ਠੀਕ |
| ਕਿਉਂ ਜੀ ? | ਕਿਉਂ ? |
| ਨਹੀਂ ਜੀ | ਨਹੀਂ |

## (ਅ) ਬੋਲ-ਚਾਲ ਦਾ ਫ਼ਰਕ

### ਠੀਕ (✓) ਜਾਂ ਗ਼ਲਤ (X) ਦਾ ਨਿਸ਼ਾਨ ਲਗਾਓ

| ਸੰਬੋਧਨੀ ਸ਼ਬਦ | ਠੀਕ (✓) | ਗ਼ਲਤ (X) |
|---|---|---|
| ਤੁਸੀਂ | | |
| ਆਹੋ | | |
| ਤੂੰ | | |
| ਠੀਕ ਜੀ | | |
| ਨਹੀਂ | | |
| ਹਾਂ ਜੀ | | |
| ਕਿਉਂ | | |



**ਕਿਰਿਆ 6.1**

ਅਧਿਆਪਕ ਹਰ ਬੱਚੇ ਨੂੰ ਉਸਦੇ ਘਰ ਅਤੇ ਆਂਢ-ਗੁਆਂਢ ਦੇ ਲੋਕਾਂ ਦੀ ਬੋਲ-ਚਾਲ ਵਿੱਚੋਂ ਚੰਗੀ ਬੋਲ-ਚਾਲ ਵਾਲ਼ੇ ਦੋ-ਦੋ ਸ਼ਬਦ ਲੱਭ ਕੇ ਲਿਆਉਣ ਲਈ ਕਹੇਗਾ।

**ਅਧਿਆਪਕ ਵਿਦਿਆਰਥੀਆਂ ਨੂੰ ਹੇਠ ਲਿਖੀ ਕਹਾਣੀ ਪੜ੍ਹ ਕੇ ਸੁਣਾਏਗਾ।**

## ਕਹਾਣੀ - ਬੋਲਾਂ ਦੀ ਕੀਮਤ

ਇੱਕ ਪਿੰਡ ਵਿੱਚ ਦੋ ਭਰਾ ਰਹਿੰਦੇ ਸਨ। ਵੱਡੇ ਭਰਾ ਦਾ ਨਾਂ ਜਾਗਰ ਸੀ ਅਤੇ ਛੋਟੇ ਦਾ ਭੋਲਾ। ਦੋਵਾਂ ਦੀ ਬੋਲ-ਚਾਲ ਵਿੱਚ ਬਹੁਤ ਫ਼ਰਕ ਸੀ। ਜਾਗਰ ਹਰ ਵੇਲੇ ਖਿਝਿਆ ਰਹਿੰਦਾ। ਆਪਣੀ ਮਾਂ, ਬਾਪ, ਪਤਨੀ, ਬੱਚੇ ਆਦਿ ਸਭ ਨਾਲ਼ ਕੌੜਾ ਬੋਲ਼ਦਾ। ਆਂਢੀਆਂ-ਗਵਾਂਢੀਆਂ ਤੋਂ ਲੈ ਕੇ ਖੇਤਾਂ ਤੱਕ, ਉਹਦੀ ਹਰ ਬੰਦੇ ਨਾਲ਼ ਅਣ-ਬਣ ਹੋ ਗਈ। ਲੋਕ ਉਸਨੂੰ ਬੁਲਾਉਣਾ ਛੱਡ ਗਏ। ਘਰਦਿਆਂ ਨੇ ਵੀ ਉਸਦੀ ਗੱਲ ਦਾ ਹੁੰਗਾਰਾ ਭਰਨਾ ਛੱਡ ਦਿੱਤਾ।

ਛੋਟਾ ਭਰਾ ਭੋਲਾ ਹਰ ਵੇਲੇ ਖ਼ੁਸ਼ ਰਹਿੰਦਾ। ਘਰ ਹੋਵੇ ਜਾਂ ਬਾਹਰ, ਉਹ ਸਭ ਨਾਲ਼ ਮਿੱਠਾ ਬੋਲਦਾ। ਲੋਕਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦਾ। ਸਾਰੇ ਲੋਕ ਉਸ ਦਾ ਸਤਿਕਾਰ ਕਰਦੇ। ਉਸ ਨੂੰ ਇੱਜ਼ਤ ਨਾਲ਼ ਬਿਠਾਉਂਦੇ। ਉਸ ਦੀ ਇਮਾਨਦਾਰੀ ਅਤੇ ਮਿੱਠੀ ਬੋਲ-ਚਾਲ ਕਰਕੇ, ਲੋਕਾਂ ਨੇ ਉਸਨੂੰ ਪਿੰਡ ਦਾ ਸਰਪੰਚ ਬਣਾ ਦਿੱਤਾ।

ਲੋਕ ਆਪਣੇ ਬੱਚਿਆਂ ਨੂੰ ਦੋਵੇਂ ਭਰਾਵਾਂ ਦੀ ਮਿਸਾਲ ਦਿੰਦੇ। ਉਹ ਆਖ਼ਦੇ ਬੋਲ-ਚਾਲ ਦਾ ਫ਼ਰਕ ਦੇਖੋ। ਇੱਕ ਭਰਾ ਦੀ ਮਾੜੇ ਬੋਲਾਂ ਕਰਕੇ ਕੋਈ ਇੱਜ਼ਤ ਨਹੀਂ ਹੈ। ਦੂਜੇ ਭਰਾ ਦੇ ਮਿੱਠੇ ਬੋਲਾਂ ਨੇ ਉਸਨੂੰ ਇੰਨੀ ਇੱਜ਼ਤ ਦਿੱਤੀ ਹੈ ਕਿ ਪਿੰਡ ਦਾ ਸਰਪੰਚ ਬਣਾ ਦਿੱਤਾ ਹੈ।

## ਕਿਰਿਆ 6.2

**ਅਧਿਆਪਕ** : ਪਿਆਰ ਬੱਚਿਓ, ਤੁਸੀਂ ਇਹ ਕਹਾਣੀ ਸੁਣ ਲਈ ਏ ?

**ਸਾਰੇ ਵਿਦਿਆਰਥੀ** : ਹਾਂ ਜੀ।

**ਅਧਿਆਪਕ** : ਜਿਹੜੇ ਵੱਡੇ ਭਰਾ ਜਾਗਰ ਵਰਗਾ ਬਣਨਾ ਚਾਹੁੰਦੇ, ਉਹ ਹੱਥ ਖੜ੍ਹਾ ਕਰੋ।
(ਸ਼ਾਇਦ ਹੀ ਕੋਈ ਵਿਦਿਆਰਥੀ ਹੱਥ ਖੜ੍ਹਾ ਕਰੇ)

**ਅਧਿਆਪਕ** : ਜਿਹੜੇ ਛੋਟੇ ਭਰਾ ਭੋਲੇ ਵਰਗਾ ਬਣਨਾ ਚਾਹੁੰਦੇ ਹਨ, ਉਹ ਹੱਥ ਖੜ੍ਹਾ ਕਰੋ।
(ਲਗਪਗ ਸਾਰੇ ਵਿਦਿਆਰਥੀ ਹੱਥ ਖੜ੍ਹਾ ਕਰਨਗੇ)

**ਵਿਦਿਆਰਥੀ** : ਉਹ ਕਿਉਂ ?

**ਇੱਕ ਵਿਦਿਆਰਥੀ** : ਕਿਉਂਕਿ ਉਹ ਚੰਗਾ ਬੋਲਦਾ ਏ।

**ਦੂਜਾ ਵਿਦਿਆਰਥੀ** : ਉਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ।

**ਤੀਜਾ ਵਿਦਿਆਰਥੀ** : ਉਹ ਸਰਪੰਚ ਏ।
(ਬਿਨਾ ਸ਼ੱਕ ਬੱਚੇ ਵੱਖ-ਵੱਖ ਜਵਾਬ ਦੇਣਗੇ)

**ਅਧਿਆਪਕ** : ਸ਼ਾਬਾਸ਼! ਤੁਸੀਂ ਵੀ ਚਾਹੁੰਦੇ ਹੋ ਕਿ ਲੋਕ ਤੁਹਾਨੂੰ ਪਸੰਦ ਕਰਨ ?

**ਸਾਰੇ ਬੱਚੇ** : ਹਾਂ ਜੀ।

**ਅਧਿਆਪਕ** : ਦੱਸੋ ਇਸ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ ?



**ਲਗਪਗ ਸਾਰੇ ਵਿਦਿਆਰਥੀ** : (ਉੱਚੀ ਅਵਾਜ਼ 'ਚ) ਚੰਗਾ ਬੋਲਣਾ ਚਾਹੀਦਾ ਹੈ।
**ਅਧਿਆਪਕ** : ਸ਼ਾਬਾਸ਼ ਬੱਚਿਓ ! ਤੁਸੀਂ ਬਿਲਕੁਲ ਸਹੀ ਕਿਹਾ ਏ।

## ਕਿਰਿਆ 6.3

**ਵਿਦਿਆਰਥੀਆਂ ਨੂੰ ਆਪਣੇ ਘਰ ਅਤੇ ਆਂਢ-ਗੁਆਂਢ ਵਿੱਚੋਂ ਚੰਗੀ ਬੋਲ-ਚਾਲ ਵਾਲ਼ੇ ਵਿਅਕਤੀਆਂ ਦੇ ਨਾਮ ਯਾਦ ਕਰਕੇ ਆਉਣ ਲਈ ਕਿਹਾ ਜਾਵੇਗਾ।**


## (ੲ) ਸਿਆਣੀਆਂ ਗੱਲਾਂ

→ ਸਿਆਣਿਆਂ ਨੇ ਆਖਿਆ ਹੈ ;



ਜੀ ਕਹੋ,
ਜੀ ਕਹਾਓ।

→ ਗ਼ਲਤੀ ਹੋ ਜਾਏ ਤਾਂ ਕਹੋ ;



ਮਾਫ਼
ਕਰਨਾ ਜੀ।

→ ਕੋਈ ਤੁਹਾਡੀ ਮਦਦ ਕਰੇ
ਤਾਂ ਕਹੋ;




ਧੰਨਵਾਦ ਜੀ

→ ਹੁੰਗਾਰਾ ਭਰਨ ਲਈ ਕਹੋ ;




ਹਾਂ ਜੀ

## ਅਭਿਆਸ/ਮਿਲਾਨ ਕਰੋ

| | |
|---|---|
| ਜੇਕਰ ਭੁੱਲ ਹੋ ਜਾਏ | ਧੰਨਵਾਦ ਜੀ |
| ਸਿਆਣਿਆਂ ਦਾ ਕਹਿਣਾ | ਹਾਂ ਜੀ |
| ਹੁੰਗਾਰਾ ਭਰਨ ਲਈ | ਮਾਫ਼ ਕਰਨਾ ਜੀ |
| ਕੋਈ ਮਦਦ ਕਰੇ | ਜੀ ਕਹੋ, ਜੀ ਕਹਾਓ |

### ਕਿਰਿਆ 6.4

ਮਾਪਿਆਂ/ਦਾਦਾ-ਦਾਦੀ ਜੀ ਕੋਲ਼ੋਂ ਦੋ ਸਿਆਣੀਆਂ ਗੱਲਾਂ ਸਿੱਖ ਕੇ ਆਉਣਾ।

## (ਸ) ਪ੍ਰਣ

ਅਧਿਆਪਕ ਵਿਦਿਆਰਥੀਆਂ ਕੋਲ਼ੋਂ ਹੇਠ ਲਿਖਿਆ ਪ੍ਰਣ ਲਵੇਗਾ। ਉਹ ਇਸ ਚਾਰਟ ਉੱਤੇ ਉਕਰੇ ਸ਼ਬਦ ਉਚਾਰੇਗਾ ਅਤੇ ਵਿਦਿਆਰਥੀ ਉਸਦੇ ਪਿੱਛੇ-ਪਿੱਛੇ ਬੋਲਣਗੇ।

ਮੈਂ ਪ੍ਰਣ ਕਰਦਾ ਹਾਂ/ਕਰਦੀ ਹਾਂ ਕਿ ਮੇਰੀ ਜ਼ੁਬਾਨ 'ਤੇ ਕਦੇ ਮਾੜੇ ਬੋਲ ਨਹੀਂ ਆਉਣਗੇ। ਮੈਂ ਹਮੇਸ਼ਾਂ ਚੰਗਾ ਬੋਲਾਂਗਾ/ਬੋਲਾਂਗੀ। ਭੁੱਲ ਹੋ ਜਾਏ ਤਾਂ ਮਾਫ਼ੀ ਮੰਗਾਂਗਾ/ਮੰਗਾਂਗੀ। ਕੋਈ ਮੇਰੀ ਮਦਦ ਕਰੇ ਤਾਂ ਉਸਨੂੰ ਧੰਨਵਾਦ ਕਹਾਂਗਾ/ਕਹਾਂਗੀ। ਹੁੰਗਾਰਾ ਭਰਨ ਲਈ ਹਮੇਸ਼ਾਂ 'ਹਾਂ ਜੀ' ਕਹਾਂਗਾ/ਕਹਾਂਗੀ।



# 7 ਪਾਠ

# ਆਓ ਮਿਲ਼ ਕੇ ਰਹੀਏ

## (ੳ) ਪਰਿਵਾਰ ਵਿੱਚ ਮਿਲ਼ ਕੇ ਕੰਮ ਕਿਵੇਂ ਹੁੰਦੇ ਹਨ ?

ਕਹਾਣੀ ਸ਼ੁਰੂ ਹੋਣ ਤੋਂ ਪਹਿਲਾਂ ਬੱਚੇ ਮਿਲ਼ ਕੇ ਰਹਿਣ ਸੰਬੰਧੀ ਤਸਵੀਰਾਂ ਵੇਖਣਗੇ, ਸਮਝਣਗੇ ਅਤੇ ਸਿੱਖਣਗੇ।









### ਕਿਰਿਆ 7.1

ਨੋਟ - ਅਧਿਆਪਕ ਬੱਚਿਆਂ ਨੂੰ ਕਹਾਣੀ ਸੁਣਾਏਗਾ ਅਤੇ ਉਸ ਤੋਂ ਬਾਅਦ ਛੋਟੇ-ਛੋਟੇ ਸਵਾਲ ਪੁੱਛੇਗਾ। ਸਵਾਲ ਆਪਣੀ ਸੁਵਿਧਾ ਅਨੁਸਾਰ ਬਦਲ ਕੇ ਵੀ ਪੁੱਛੇ ਜਾ ਸਕਦੇ ਹਨ।

# ਮੇਲੋ

ਕਿਸੇ ਘਰ ਦੀ ਨੁੱਕਰੇ ਕੀੜੀਆਂ ਦਾ ਭੌਂਣ ਸੀ। ਉਸ ਭੌਂਣ ਵਿੱਚ ਮੇਲੋ ਨਾਂ ਦੀ ਇੱਕ ਨਿੱਕੀ ਜਿਹੀ ਕੀੜੀ ਰਹਿੰਦੀ ਸੀ। ਉਸਦੇ ਦੋ ਛੋਟੇ-ਛੋਟੇ ਬੱਚੇ ਸਨ। ਇੱਕ ਦਿਨ ਮੇਲੋ ਨੇ ਉਸ ਘਰ ਦੀ ਮਾਲਕਣ ਦੀਆਂ ਗੱਲਾਂ ਸੁਣੀਆਂ। ਮਾਲਕਣ ਆਪਣੀ ਗੁਆਂਢਣ ਨੂੰ ਦੱਸ ਰਹੀ ਸੀ, "ਭੈਣੇ ਅਸੀਂ ਅੱਡ ਹੋਣਾ ਹੈ। ਅੱਡ ਹੋ ਕੇ ਬਹੁਤ ਸੁਖ ਮਿਲਦਾ ਹੈ। ਇਕੱਠੇ ਰਹਿ ਕੇ ਬਹੁਤ ਔਖੇ ਹੁੰਦੇ ਹਾਂ।"

ਔਰਤਾਂ ਦੀਆਂ ਇਹ ਗੱਲਾਂ ਮੇਲੋ ਕੀੜੀ ਨੇ ਵੀ ਸੁਣ ਲਈਆਂ। ਮੇਲੋ ਨੇ ਵੀ ਦੂਸਰੀਆਂ ਕੀੜੀਆਂ ਵਿੱਚ ਜਾ ਕੇ ਅੱਡ ਹੋ ਜਾਣ ਦਾ ਐਲਾਨ ਕਰ ਦਿੱਤਾ। ਸਾਰੀਆਂ ਕੀੜੀਆਂ ਨੇ ਸਮਝਾਇਆ, "ਇਨਸਾਨਾਂ ਦੀਆਂ ਗੱਲਾਂ ਵਿੱਚ ਆਉਣਾ ਠੀਕ ਨਹੀਂ।" ਪਰ ਮੇਲੋਂ ਨਹੀਂ ਮੰਨੀ। ਉਹ ਅੱਡ ਹੋ ਗਈ।

ਅਗਲੇ ਦਿਨ ਮੇਲੋ ਨੂੰ ਇੱਕ ਰੋਟੀ ਦਾ ਟੁਕੜਾ ਮਿਲ਼ ਗਿਆ। ਉਸ ਨੇ ਉਹ ਚੁੱਕ ਕੇ ਲੈ ਜਾਣ ਦਾ ਇਰਾਦਾ ਬਣਾਇਆ। ਉਹ ਟੁਕੜਾ ਬਹੁਤ ਭਾਰੀ ਸੀ। ਉਹ ਹਫ਼ ਗਈ। ਸਾਰਾ ਜ਼ੋਰ ਲਾ ਕੇ ਵੀ ਉਹ ਟੁਕੜਾ ਨਾ ਚੁੱਕ ਸਕੀ। ਉਸ ਦੇ ਮਨ ਵਿੱਚ ਆਇਆ, 'ਜੇ ਕੋਈ ਮੇਰੀ ਮਦਦ ਕਰਨ ਵਾਲ਼ਾ ਹੁੰਦਾ।' ਉਸ ਦੀ ਮਦਦ ਲਈ ਕੋਈ ਨਾ ਆਇਆ। ਮੇਲੋ ਰੋਂਦੀ ਘਰ ਚਲੀ ਗਈ। ਉਸ ਰਾਤ ਸਾਰਾ ਪਰਿਵਾਰ ਭੁੱਖਾ ਹੀ ਸੌਂ ਗਿਆ। ਅਗਲੇ ਦਿਨ ਮੇਲੋ ਦੋਵਾਂ ਬੱਚਿਆਂ ਨੂੰ ਲੈ ਕੇ ਭੌਂਣ ਵਿੱਚ ਸ਼ਾਮਲ ਹੋ ਗਈ। ਦੂਸਰੀਆਂ ਕੀੜੀਆਂ ਨੇ ਉਹਨਾਂ ਨੂੰ ਖਾਣਾ ਦਿੱਤਾ। ਬੱਚਿਆਂ ਨੂੰ ਖੇਡਣ ਲਈ ਵੀ ਸਾਥੀ ਮਿਲ ਗਏ। ਬੱਚਿਆਂ ਨੇ ਮੇਲੋ ਨੂੰ ਕਿਹਾ, "ਹੁਣ ਅਸੀਂ ਇੱਥੋਂ ਨਹੀਂ ਜਾਵਾਂਗੇ। ਉੱਥੇ ਸਾਨੂੰ ਖਾਣਾ ਨਹੀਂ ਮਿਲਦਾ ਅਤੇ ਨਾ ਹੀ ਖੇਡਣ ਲਈ ਸਾਥੀ ਮਿਲਦੇ ਨੇ।"

"ਹੁਣ ਅਸੀਂ ਹਮੇਸ਼ਾ ਇੱਕਠੇ ਹੀ ਰਹਾਂਗੇ ਬੱਚਿਓ! ਇਕੱਠੇ ਰਹਿਣਾ ਸਭ ਲਈ ਚੰਗਾ ਹੈ।" ਮੇਲੋ ਕੀੜੀ ਨੇ ਦੋਵੇਂ ਬੱਚਿਆਂ ਨੂੰ ਗਲ਼ ਨਾਲ਼ ਲਾ ਲਿਆ।

## ਮੌਖਿਕ ਪ੍ਰਸ਼ਨ

1. ਕੀੜੀ ਦਾ ਕੀ ਨਾਂ ਸੀ?
2. ਉਹ ਕਿਸ ਦੀਆਂ ਗੱਲਾਂ ਵਿੱਚ ਆ ਗਈ?
3. ਮੇਲੋ ਰੋਟੀ ਦਾ ਟੁਕੜਾ ਕਿਉਂ ਨਾ ਚੁੱਕ ਸਕੀ?
4. ਉਸਦੀ ਮਦਦ ਕਿਸੇ ਨੇ ਕਿਉਂ ਨਹੀਂ ਕੀਤੀ?
5. ਅਖ਼ੀਰ 'ਚ ਕੀੜੀ ਨੇ ਬੱਚਿਆਂ ਨੂੰ ਕੀ ਕਿਹਾ?

## (ਅ) ਸਕੂਲ ਵਿੱਚ ਮਿਲ਼ ਕੇ ਰਹਿਣਾ









**ਕਿਰਿਆ 7.2**

ਨੋਟ - ਅਧਿਆਪਕ ਬੱਚਿਆਂ ਨੂੰ ਸਕੂਲ ਵਿੱਚ ਹੇਠ ਲਿਖੀਆਂ ਕਿਰਿਆਵਾਂ ਕਰਵਾਏ।

**ਕਿਰਿਆਵਾਂ -** ੳ - ਬੱਚਿਆਂ ਦੁਆਰਾ ਮਿਲ਼ ਕੇ ਜਮਾਤ ਦੇ ਕਮਰੇ ਨੂੰ ਸਜਾਉਣਾ।

ਅ - ਘਰੋਂ ਲਿਆਂਦਾ ਖਾਣਾ ਇੱਕ-ਦੂਜੇ ਨਾਲ਼ ਵੰਡ ਕੇ ਖਾਣਾ।

## (ੲ) ਅਸੀਂ ਸਭ ਇੱਕ ਹਾਂ



# ਕਹਾਣੀ

ਇੱਕ ਬਹੁਤ ਵੱਡਾ ਦਰਿਆ ਸੀ। ਉਸ ਦੇ ਦੋਵੇਂ ਪਾਸੇ ਦੋ ਜੰਗਲ ਸਨ। ਇੱਕ ਜੰਗਲ ਵਿੱਚ ਇੱਕ ਸਿਆਣੇ ਸ਼ੇਰ ਦਾ ਰਾਜ ਜੀ। ਦੂਸਰੇ ਜੰਗਲ ਵਿੱਚ ਇੱਕ ਗਧੇ ਦਾ ਰਾਜ ਸੀ। ਇੱਕ ਵਾਰ ਦਰਿਆ ਵਿੱਚ ਬਹੁਤ ਪਾਣੀ ਆ ਗਿਆ। ਪਾਣੀ ਨੇ ਦਰਿਆ ਦੇ ਦੋਵੇਂ ਕਿਨਾਰੇ ਤੋੜ ਦਿੱਤੇ। ਦੋਵੇਂ ਜੰਗਲਾਂ ਵਿੱਚ ਹਾਹਾਕਾਰ ਮੱਚ ਗਈ। ਗਧੇ ਵਾਲ਼ੇ ਜੰਗਲ ਵਿੱਚ ਪਹਿਲਾਂ ਹੀ ਸਾਰੇ ਆਪਸ ਵਿੱਚ ਲੜ ਰਹੇ ਸਨ। ਵੱਖ-ਵੱਖ ਜਾਨਵਰਾਂ ਦੇ ਵਰਗ ਇੱਕ ਦੂਜੇ ਤੋਂ ਖਾਰ ਖਾਂਦੇ ਸਨ। ਜਦੋਂ ਵੀ ਮੌਕਾ ਮਿਲਦਾ ਉਹ ਇੱਕ-ਦੂਜੇ ਨਾਲ਼ ਲੜਨ ਲੱਗ ਜਾਂਦੇ ਸਨ। ਹੁਣ ਵੀ ਉਹ ਪਾਣੀ ਬੰਦ ਕਰਨ ਦੇ ਮਾਮਲੇ ਵਿੱਚ ਇੱਕ-ਦੂਜੇ ਨੂੰ ਹੀ ਦੋਸ਼ ਦੇ ਰਹੇ ਸਨ।





ਦੂਸਰੇ ਪਾਸੇ ਸਿਆਣੇ ਸ਼ੇਰ ਨੇ ਕਿਸੇ ਨੂੰ ਵੀ ਵਰਗ ਵਿੱਚ ਵੰਡਣ ਨਹੀਂ ਦਿੱਤਾ ਸੀ। ਉਹ ਹਮੇਸ਼ਾਂ ਸਾਰੇ ਜਾਨਵਰਾਂ ਨੂੰ ਇੱਕ ਹੋਣ ਦੀ ਸਿੱਖਿਆ ਦਿੰਦਾ ਰਹਿੰਦਾ ਸੀ। ਇਹੀ ਕਾਰਨ ਸੀ ਕਿ ਉਸ ਜੰਗਲ ਦੇ ਸਾਰੇ ਜਾਨਵਰ ਇੱਕ-ਦੂਜੇ ਨਾਲ਼ ਮਿਲ਼ ਕੇ ਰਹਿੰਦੇ ਸਨ। ਜਦੋਂ ਤੋਤਿਆਂ ਨੂੰ ਦਰਿਆ ਦੇ ਟੁੱਟਣ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਸਾਰੇ ਜੰਗਲ ਵਿੱਚ ਸ਼ੋਰ ਮਚਾ ਕੇ ਪਾਣੀ ਦੇ ਟੁੱਟ ਜਾਣ ਦਾ ਦੱਸ ਦਿੱਤਾ। ਸਾਰੇ ਜਾਨਵਰ ਮਿਲ਼ ਕੇ ਉਹ ਪਾੜ ਪੂਰਨ ਲੱਗ ਪਏ। ਸ਼ਾਮ ਤੱਕ ਸਾਰਾ ਪਾੜ ਪੂਰਿਆ ਗਿਆ।

ਗਧੇ ਦੇ ਰਾਜ ਵਾਲੇ ਜੰਗਲ ਵਿੱਚ ਸਾਰੇ ਜਾਨਵਰ ਆਪਸ ਵਿੱਚ ਵਰਗਾਂ ਦੇ ਨਾਂ ਤੇ ਲੜਦੇ ਰਹੇ ਤੇ ਹੌਲ਼ੀ-ਹੌਲ਼ੀ ਪਾਣੀ ਸਾਰੇ ਜੰਗਲ ਵਿੱਚ ਭਰ ਗਿਆ। ਇਸ ਪਾਣੀ ਵਿੱਚ ਗਧੇ ਸਮੇਤ ਸਾਰੇ ਜਾਨਵਰ ਡੁੱਬ ਕੇ ਮਰ ਗਏ।

## ਮੌਖਿਕ ਪ੍ਰਸ਼ਨ


1. ਦੋਵਾਂ ਜੰਗਲਾਂ ਵਿੱਚ ਕਿਸ-ਕਿਸ ਦਾ ਰਾਜ ਸੀ?
2. ਕਿਹੜੇ ਰਾਜੇ ਦੇ ਜੰਗਲ ਵਿੱਚ ਸਾਰੇ ਜਾਨਵਰ ਮਿਲ਼ ਕੇ ਰਹਿੰਦੇ ਸਨ?
3. ਜਦੋਂ ਪਾਣੀ ਆਇਆ ਤਾਂ ਗਧੇ ਦੇ ਜੰਗਲ ਵਿੱਚ ਸਾਰੇ ਜਾਨਵਰਾਂ ਨੇ ਕੀ ਕੀਤਾ?
4. ਪਾਣੀ ਆਉਣ 'ਤੇ ਸ਼ੇਰ ਦੇ ਜੰਗਲ ਵਾਲ਼ੇ ਜਾਨਵਰਾਂ ਨੇ ਕੀ ਕੀਤਾ?
5. ਸਾਨੂੰ ਗਧੇ ਦੇ ਜੰਗਲ ਵਾਲੇ ਜਾਨਵਰਾਂ ਵਾਂਗ ਰਹਿਣਾ ਚਾਹੀਦਾ ਹੈ ਜਾਂ ਸ਼ੇਰ ਦੇ?

8 ਪਾਠ

# ਸੜਕ-ਸੁਰੱਖਿਆ



## (ੳ) ਤਿੰਨ ਬੱਤੀਆਂ




ਬੱਤੀਆਂ ਦਾ ਸੋਹਣਾ ਜਿਹਾ ਪੋਸਟਰ ਬਣਾਇਆ ਜਾਵੇਗਾ। ਅਧਿਆਪਕ ਪੋਸਟਰ ਸਹਾਰੇ ਬੱਚਿਆਂ ਨੂੰ ਜਾਣਕਾਰੀ ਦੇਵੇਗਾ।

### ਮੌਖਿਕ ਪ੍ਰਸ਼ਨ

1. ਕੀ ਬੱਤੀਆਂ ਦੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ?
2. ਕੀ ਸੜਕ 'ਤੇ ਖੇਡਣਾ ਚਾਹੀਦਾ ਹੈ ?




### ਲਾਲ ਬੱਤੀ

- ਚੌਂਕ ਦੇ ਵਿੱਚ ਲੱਗੀ ਹਾਂ।
- ਰੋਕਣ ਦੇ ਲਈ ਜਗੀ ਹਾਂ।
- ਮੂਹਰੇ ਰਸਤਾ ਸਾਫ਼ ਨਹੀ।
- ਦੁਰਘਟਨਾ ਤੋ ਬਚਾਉਂਦੀ ਹਾਂ।
- ਮੈ ਲਾਲ ਬੱਤੀ ਅਖਵਾਉਂਦੀ ਹਾਂ।




### ਪੀਲ਼ੀ ਬੱਤੀ

- ਇੱਧਰ-ਉੱਧਰ ਮਾਰੋ ਨਿਗਾਹ।
- ਕੀ ਸਾਫ਼ ਹੈ ਅੱਗੇ ਰਾਹ।
- ਤੁਰਨ ਦੇ ਲਈ ਦੇਖੋ ਭਾਈ।
- ਮੈ ਹੁਸ਼ਿਆਰ ਬਣਾਉਂਦੀ ਹਾਂ।
- ਮੈ ਪੀਲ਼ੀ ਬੱਤੀ ਅਖ਼ਵਾਉਂਦੀ ਹਾਂ।




### ਹਰੀ ਬੱਤੀ

- ਕੀ ਸਾਈਕਲ ਤੇ ਕੀ ਹੈ ਕਾਰ।
- ਫੜ੍ਹ ਲਈ ਇਹਨਾਂ ਝੱਟ ਰਫ਼ਤਾਰ।
- ਇੱਕ-ਦੂਜੇ ਤੋਂ ਮੂਹਰੇ ਭੱਜਣ।
- ਨਹੀਂ ਕਿਸੇ ਨੂੰ ਖੜ੍ਹਾਉਂਦੀ ਹਾਂ।
- ਮੈ ਹਰੀ ਬੱਤੀ ਅਖ਼ਵਾਉਂਦੀ ਹਾਂ।

## ਕਿਰਿਆ 8 .1

**ਬੱਚਿਓ ! ਅੱਜ ਆਪਾਂ ਸੜਕ 'ਤੇ ਚੱਲਣ ਦੇ ਨਿਯਮਾਂ ਤਹਿਤ ਤਿੰਨ ਬੱਤੀਆਂ ਬਾਰੇ ਗੱਲ ਕਰਾਂਗੇ।**

ਅਧਿਆਪਕ : ਕੀ ਤੁਸੀ ਵੱਡੇ ਸ਼ਹਿਰ ਗਏ ਹੋ ?

ਬੱਚੇ : (ਸਾਰੇ ਇਕੱਠੇ ਬੋਲਦੇ ਹਨ) : "ਹਾਂ ਜੀ !"

ਅਧਿਆਪਕ : ਤੁਸੀਂ ਉੱਥੇ ਬੱਤੀਆਂ ਵਾਲ਼ਾ ਚੌਂਕ ਜ਼ਰੂਰ ਦੇਖਿਆ ਹੋਵੇਗਾ?

ਬੱਚੇ : (ਸਾਰੇ ਇਕੱਠੇ ਬੋਲਦੇ ਹਨ) : "ਹਾਂ ਜੀ !"

ਅਧਿਆਪਕ : ਸ਼ਾਬਾਸ਼ ਬੱਚਿਓ !

ਬੱਚਾ : (ਇੱਕ ਬੱਚਾ ਹੌਂਸਲੇ ਨਾਲ਼ ਬੋਲਿਆ )

"ਸਰ ਜੀ ਉੱਥੇ ਤਿੰਨ ਬੱਤੀਆਂ ਲੱਗੀਆਂ ਹੋਈਆਂ ਸਨ।



| | | |
|---|---|---|
| ਅਧਿਆਪਕ | : | (ਬੱਚਿਆਂ ਵੱਲ ਦੇਖ ਕੇ ਬੋਲਿਆ) |
| | | ਸ਼ਾਬਾਸ਼ ਬੇਟਾ ! ਤੁਸੀ ਕਿਹੜੇ-ਕਿਹੜੇ ਰੰਗ ਦੀਆਂ ਬੱਤੀਆਂ ਦੇਖੀਆਂ ? |
| ਬੱਚੇ | : | (ਰੁਕ-ਰੁਕ ਕੇ ਬੋਲ ਰਹੇ ਸਨ ਜਿਵੇਂ ਯਾਦ ਕਰ ਰਹੇ ਹੋਣ ) |
| | | ਇੱਕ ਲਾਲ ਸੀ.... ਇੱਕ ਪੀਲ਼ੀ ਸੀ.... ਅਤੇ ਇੱਕ ......ਹਰੀ ਸੀ .....। |
| | | **(ਅਧਿਆਪਕ ਸਾਰੇ ਬੱਚਿਆਂ ਤੋ ਇਕ ਵਾਰ ਫੇਰ ਕਹਾਵੇ )** |
| ਅਧਿਆਪਕ | : | ਅੱਛਾ ਲਾਲ ਬੱਤੀ ਦਾ ਕੀ ਮਤਲਬ ਹੈ? |
| ਬੱਚਾ | : | (ਇੱਕ ਬੱਚਾ ਉੱਠ ਕੇ ਬੋਲਦਾ ਹੈ) ਮੈ ਦੱਸਾਂ ਜੀ, ਰੁਕਣਾ । |
| ਅਧਿਆਪਕ | : | ਸ਼ਾਬਾਸ਼ ਬੇਟਾ ! ਲਾਲ ਬੱਤੀ ਰੁਕਣ ਦਾ ਇਸ਼ਾਰਾ ਕਰਦੀ ਹੈ ਕਿਉਂਕਿ ਅੱਗੇ ਵਾਲ਼ਾ ਰਾਹ ਟਰੈਫ਼ਿਕ ਨਾਲ ਭਰਿਆ ਹੋਇਆ ਹੈ। ......ਅੱਛਾ ਪੀਲ਼ੀ ਬੱਤੀ ਦਾ ਕੀ ਮਤਲਬ ਹੁੰਦਾ ਹੈ? |
| ਬੱਚੇ | : | (.....ਸਾਰੇ ਬੱਚੇ ਇੱਕ ਦੂਜੇ ਦੇ ਮੂੰਹ ਵੱਲ ਦੇਖਣ ਲੱਗੇ) |
| ਅਧਿਆਪਕ | : | ਬੇਟਾ, ਪੀਲ਼ੀ ਬੱਤੀ ਰੁਕ ਕੇ, ਇੱਧਰ-ਉੱਧਰ ਦੇਖ ਕੇ ਤਿਆਰ ਹੋ ਜਾਣ ਦਾ ਇਸ਼ਾਰਾ ਕਰਦੀ ਹੈ। ਸਮਝੇ ਬੱਚਿਓ ! ......ਅੱਛਾ ਹਰੀ ਬੱਤੀ ਦਾ ਕੀ ਮਤਲਬ ਹੈ? |
| ਬੱਚਾ | : | (ਇੱਕ ਬੱਚਾ ਬੜੇ ਹੌਂਸਲੇ ਨਾਲ ਬੋਲਦਾ ਹੈ।) ਉਹ ਜੀ ਚੱਲਣ ਲਈ ਕਹਿੰਦੀ ਹੈ। |

## ਕਿਰਿਆ 8 .2

ਅਧਿਆਪਕ ਫੇਰ ਤਿੰਨ ਬੱਤੀਆਂ ਬਾਰੇ ਵਿਸਥਾਰ ਨਾਲ ਸਮਝਾਏਗਾ। ਇਸ ਵਾਰਤਾਲਾਪ ਨੂੰ ਨਿੱਕੇ ਬੱਚਿਆਂ ਅੱਗੇ ਦੁਹਰਾਏਗਾ।

## (ੲ) ਮਿਲਾਨ ਕਰੀਏ



ਤੁਰਨਾ



ਦੇਖਣਾ



ਰੁਕਣਾ

9

ਪਾਠ



# ਉਸਾਰੂ ਸੋਚ

## (ੳ) ਧਿਆਨ ਨਾਲ਼ ਸੁਣਨਾ/ਪੜ੍ਹਨਾ

**ਕਿਰਿਆ 9.1**

**ਪਾਤਰ** - ਅਧਿਆਪਕ, ਅੱਖ, ਕੰਨ ਅਤੇ ਨੱਕ

**ਸਮੱਗਰੀ** - ਬੱਚਿਆਂ ਲਈ ਮੁਖੌਟੇ

ਨੋਟ:-ਇਸ ਕਾਵਿ-ਨਾਟਕ ਨੂੰ ਅਧਿਆਪਕ ਬੋਲੇਗਾ। ਬੱਚੇ ਸਿਰਫ਼ ਅਭਿਨੈ ਕਰਨਗੇ।

**ਅਧਿਆਪਕ** : ਟਿੱਕ ਟਿੱਕ ਡੁੱਕ ਟਿੱਕ।
ਟਿੱਕ ਡੁੱਕ ਟਿਕ ਡਿੱਕ ਸਾਰੇ ਗਾਵੋ।
ਨਾਟਕ ਵਾਲ਼ੇ ਅੱਗੇ ਆਵੋ।

(ਬੱਚੇ ਆਪੋ ਆਪਣੇ ਮੁਖੌਟੇ ਪਾ ਕੇ ਅੱਗੇ ਆ ਜਾਂਦੇ ਹਨ)

ਆਓ ਨਾਟਕ ਖੇਡੀਏ- ਨੈਨਾ ਅੱਖ,
ਤੇ ਕੰਨ ਹਰਵੀਰ।
ਨੱਕ ਬਣਿਆ ਹੈ,
ਸਿੰਘ ਜਗਸੀਰ।

(ਤਿੰਨ ਬੱਚੇ ਆਪੋ-ਆਪਣੀ ਵਾਰੀ ਮੰਚ 'ਤੇ ਆਉਂਦੇ ਹਨ)



ਝਾਤ ਝਾਤ ਝਾਤ।
ਜਦ ਖੁੱਲ੍ਹਦੀ ਹਾਂ ਦਿਨ ਚੜ੍ਹ ਜਾਂਦਾ,
ਬੰਦ ਹੋਵਾਂ ਤਾਂ ਰਾਤ।
ਚਾਨਣ-ਚਾਨਣ ਚਾਰੇ ਪਾਸੇ,
ਧੁੱਪ ਦੀ ਹਾਂ ਬਰਸਾਤ।
ਮੈਂ ਅੱਖ ਹਾਂ,
ਮੇਰੀ ਕੀ ਬਾਤ।



ਸਾਂ-ਸਾਂ ਸੁਣਦਾ,
ਖੜ-ਖੜ ਸੁਣਦਾ,
ਗੜ-ਗੜ ਸੁਣਦਾ,
ਬੁੜ-ਬੁੜ ਸੁਣਦਾ,
ਗਰਜਣ ਸੁਣਦਾ,
ਮੈਂ ਕੰਨ ਹਾਂ,
ਮੈਂ ਸਭ ਕੁਝ ਸੁਣਦਾ।



ਆਪੋ-ਆਪਣੀ ਇਹ ਤਾਂ ਕਹਿ ਗਏ,
ਮੇਰੀ ਵੀ ਸੁਣੋ ਬਾਤ।
ਮੈਂ ਵੀ ਸੁੰਘ ਕੇ ਦੱਸ ਸਕਦਾ ਹਾਂ,
ਖੀਰ ਬਣੀ ਜਾਂ ਭਾਤ।

## ਮੌਖਿਕ ਪ੍ਰਸ਼ਨ

ਪ੍ਰਸ਼ਨ 1. ਸਰੀਰ ਲਈ ਅੱਖਾਂ ਦਾ ਕੀ ਕੰਮ ਹੈ?

ਉੱਤਰ— ਹਰ ਵਸਤ ਨੂੰ ਧਿਆਨ ਨਾਲ ਦੇਖਣਾ।

ਪ੍ਰਸ਼ਨ 2. ਕੰਨਾਂ ਤੋਂ ਅਸੀਂ ਕੀ ਕੰਮ ਲੈਂਦੇ ਹਾਂ?

ਉੱਤਰ— ਸੁਣਨ ਦਾ।

ਪ੍ਰਸ਼ਨ 3. ਨੱਕ ਸਾਡੇ ਲਈ ਕੀ ਕੰਮ ਕਰਦਾ ਹੈ?

ਉੱਤਰ— ਸਾਹ ਕਿਰਿਆ ਅਤੇ ਸੁੰਘਣ ਦਾ।

ਪ੍ਰਸ਼ਨ 4. ਨੇਹਾ ਅਤੇ ਹਰਵੀਰ ਨੇ ਕਿਹੜਾ ਮਖੌਟਾ ਪਾਇਆ ਹੋਇਆ ਹੈ?

ਉੱਤਰ— ਅੱਖ ਅਤੇ ਕੰਨ ਵਾਲ਼ਾ।

ਪ੍ਰਸ਼ਨ 5. ਅੱਖ ਬੰਦ ਕਰ ਲਈਏ ਤਾਂ ਕੀ ਹੋਏਗਾ?

ਉੱਤਰ— ਦਿਖਾਈ ਦੇਣਾ ਬੰਦ ਹੋ ਜਾਏਗਾ।

ਪ੍ਰਸ਼ਨ 6. ਕੰਨ ਬੰਦ ਕਰ ਲਈਏ ਤਾਂ ਕੀ ਹੋਏਗਾ?

ਉੱਤਰ— ਸੁਣਾਈ ਦੇਣਾ ਬੰਦ ਹੋ ਜਾਏਗਾ।

ਪ੍ਰਸ਼ਨ 7. ਸਿੱਖਣ ਲਈ ਕੀ-ਕੀ ਕਰਨਾ ਚਾਹੀਦਾ ਹੈ?

ਉੱਤਰ— ਧਿਆਨ ਨਾਲ਼ ਸੁਣਨਾ ਅਤੇ ਪੜ੍ਹਨਾ ਚਾਹੀਦਾ ਹੈ।

ਪ੍ਰਸ਼ਨ 8. ਹਰ ਕੰਮ ਧਿਆਨ ਨਾਲ਼ ਕਰਨਾ ਕਿਉਂ ਜ਼ਰੂਰੀ ਹੈ?

ਉੱਤਰ— ਤਾਂ ਜੋ ਸਾਡੇ ਤੋਂ ਕੋਈ ਗ਼ਲਤੀ ਨਾ ਹੋਵੇ।

## ਕਿਰਿਆ 9.2

ਅਧਿਆਪਕ ਹਰ ਤਸਵੀਰ ਦੀ ਵਿਆਖਿਆ ਕਰੇਗਾ। ਸਰੀਰ ਦੇ ਹੋਰ ਅੰਗਾਂ ਬਾਰੇ ਵੀ ਦੱਸੇਗਾ ਪਰ ਉਸਦਾ ਧਿਆਨ **ਅੱਖ** ਅਤੇ **ਕੰਨ** 'ਤੇ ਵਧੇਰੇ ਕੇਂਦਰਿਤ ਰਹੇਗਾ।

ਅੱਖਾਂ ਖੋਲ੍ਹ ਕੇ ਅਸੀਂ ਆਪਣਾ ਆਲ਼ਾ-ਦੁਆਲ਼ਾ ਪੂਰੀ ਤਰ੍ਹਾਂ ਦੇਖ ਸਕਦੇ ਹਾਂ। ਜਮਾਤ ਵਿੱਚ ਪੜ੍ਹਨ ਸਮੇਂ ਸਾਨੂੰ ਆਪਣੀ ਨਜ਼ਰ ਪਾਠ-ਪੁਸਤਕ 'ਤੇ ਰੱਖਣੀ ਚਾਹੀਦੀ ਹੈ। ਲਿਖਣ ਸਮੇਂ ਸਾਡਾ ਧਿਆਨ ਕਾਪੀ 'ਤੇ ਹੋਣਾ ਚਾਹੀਦਾ ਹੈ।





ਕੰਨ ਸਾਨੂੰ ਸੁਣਨ ਲਈ ਮਿਲੇ ਹਨ। ਜਮਾਤ ਵਿੱਚ ਅਧਿਆਪਕ ਦੀ ਹਰ ਗੱਲ ਨੂੰ ਧਿਆਨ ਨਾਲ਼ ਸੁਣਨਾ ਚਾਹੀਦਾ ਹੈ। ਧਿਆਨ ਨਾਲ਼ ਸੁਣ ਕੇ ਅਸੀਂ ਸੌਖ ਨਾਲ਼ ਸਮਝ ਸਕਦੇ ਹਾਂ।

ਨੱਕ ਸਿਰਫ਼ ਸਾਹ ਕਿਰਿਆ ਲਈ ਨਹੀਂ ਹੈ। ਇਸ ਨਾਲ ਅਸੀਂ ਚੀਜ਼ਾਂ ਨੂੰ ਸੁਗੰਧ ਅਤੇ ਮਹਿਕ ਤੋਂ ਪਛਾਣ ਸਕਦੇ ਹਾਂ। ਜੇ ਕਿਤੇ ਉਹਲੇ ਵਿੱਚ ਕੂੜਾ-ਕਰਕਟ ਪਿਆ ਹੋਵੇ ਤਾਂ ਨੱਕ ਨੂੰ ਬਦਬੂ ਤੋਂ ਪਤਾ ਲੱਗ ਜਾਂਦਾ ਹੈ। ਜਮਾਤ ਦਾ ਆਲ਼ਾ-ਦੁਆਲ਼ਾ ਸਾਫ਼ ਹੋਣਾ ਚਾਹੀਦਾ ਹੈ।



### ਮੌਖਿਕ ਪ੍ਰਸ਼ਨ

1. ਅਸੀਂ ਸਕੂਲ ਕੀ ਕਰਨ ਜਾਂਦੇ ਹਾਂ? (ਪੜ੍ਹਾਈ ਕਰਨ)
2. ਸਕੂਲ ਵਿੱਚ ਕੀ ਚੰਗਾ ਲੱਗਦਾ ਹੈ? (ਪੜ੍ਹਨਾ ਅਤੇ ਖੇਡਣਾ)
3. ਪੜ੍ਹਨ ਸਮੇਂ ਤੁਹਾਡੀ ਨਜ਼ਰ ਕਿੱਥੇ ਹੋਣੀ ਚਾਹੀਦੀ ਹੈ? (ਪਾਠ ਪੁਸਤਕ ਉੱਤੇ)
4. ਸਵਾਲ ਸਮਝਣ ਵੇਲ਼ੇ ਧਿਆਨ ਕਿੱਥੇ ਹੋਣਾ ਚਾਹੀਦਾ ਹੈ? (ਅਧਿਆਪਕ ਵੱਲ)
5. ਖਾਣਾ ਖਾਂਦੇ ਸਮੇਂ ਕਿਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ? (ਗੱਲਾਂ ਨਹੀਂ ਕਰਨੀਆਂ)